Space for Available for Advertising
WWW.PREETNEWS.COM
WWW.PREETNAMA.COM
preetnamausa@gmail.com

ਨਿਊਯਾਰਕ
# ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ
ਖਰਾ ਸੱਚ
Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 268, ਮਿਤੀ : 30 ਅਗਸਤ ਤੋਂ 05 ਸਤੰਬਰ, 2024 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਕੈਨੇਡਾ: ਟਰੂਡੋ ਦਾ ਵੱਡਾ ਫੈਸਲਾ, ਵਿਦੇਸ਼ੀ ਅਸਥਾਈ ਕਾਮਿਆਂ ਦੀ ਗਿਣਤੀ ਚ ਹੋਵੇਗੀ ਕਟੌਤੀ, ਜਾਣੋ ਕੀ ਹੋਵੇਗਾ ਅਸਰ



ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੋਮਵਾਰ ਨੂੰ ਕਿਹਾ ਹੈ ਕਿ ਉਹ ਘੱਟ ਤਨਖਾਹ ਵਾਲੇ ਅਸਥਾਈ ਵਿਦੇਸ਼ੀ ਕਾਮਿਆਂ ਅਤੇ ਸਥਾਈ ਵਾਸੀਆਂ ਦੀ ਗਿਣਤੀ ਨੂੰ ਘਟਾਉਣ ਦੀ ਯੋਜਨਾ ਬਣਾ ਰਹੇ ਹਨ।ਟਰੂਡੋ ਨੇ ਸੋਸ਼ਲ ਮੀਡੀਆ ਪੋਸਟ ਰਾਹੀਂ ਇਹ ਜਾਣਕਾਰੀ ਸਾਂਝੀ ਕੀਤੀ ਉਨ੍ਹਾਂ ਕਿਹਾ ਕਿ ਹੁਣ ਲੇਬਰ ਮਾਰਕੀਟ ਬਦਲ ਗਈ ਹੈ।ਟਰੂਡੋ ਨੇ ਐਕਸ ਤੇ ਸਾਂਝੀ ਕੀਤੀ ਜਾਣਕਾਰੀ ਵਿੱਚ ਲਿਖਿਆ, ਅਸੀਂ ਕੈਨੇਡਾ ਵਿੱਚ ਘੱਟ ਤਨਖ਼ਾਹ ਉੱਤੇ ਆਉਣ ਵਾਲੇ ਅਸਥਾਈ ਵਿਦੇਸ਼ੀ ਕਾਮਿਆਂ ਦੀ ਗਿਣਤੀ ਨੂੰ ਘਟਾ ਰਹੇ ਹਾਂ। ਲੇਬਰ ਮਾਰਕੀਟ ਬਦਲ ਗਈ ਹੈ। ਹੁਣ ਸਾਡੇ ਕਾਰੋਬਾਰਾਂ ਲਈ ਕੈਨੇਡਾ ਦੇ ਵਾਸੀ ਕਾਮਿਆਂ ਅਤੇ ਨੌਜਵਾਨਾਂ ਉੱਤੇ ਨਿਵੇਸ਼ ਕਰਨ ਦਾ ਸਮਾਂ ਆ ਗਿਆ ਹੈ।ਇਹ ਫ਼ੈਸਲਾ ਉਸ ਸਮੇਂ ਆਇਆ ਹੈ ਜਦੋਂ ਕੈਨੇਡਾ ਤੇਜ਼ੀ ਨਾਲ ਵਧ ਰਹੀ ਆਬਾਦੀ ਨਾਲ ਜੂਝ ਰਿਹਾ ਹੈ। ਵੱਧਦੀ ਆਬਾਦੀ ਬਾਰੇ ਅਰਥਸ਼ਾਸਤਰੀਆਂ ਦਾ ਕਹਿਣਾ ਹੈ ਕਿ ਇਸ ਨਾਲ ਰਿਹਾਇਸ਼ ਅਤੇ ਜਨਤਕ ਸੇਵਾਵਾਂ ਜਿਵੇਂ ਕਿ ਸਿਹਤ ਸੰਭਾਲ ਅਤੇ ਸਿੱਖਿਆ ਦੇ ਖੇਤਰ ਤੇ ਦਬਾਅ ਪੈ ਗਿਆ ਹੈ।ਸੰਘੀ ਅੰਕੜਿਆਂ ਮਤਾਬਕ, ਪਿਛਲੇ ਸਾਲ ਕੈਨੇਡਾ ਦੀ ਆਬਾਦੀ ਦੇ ਵਾਧੇ ਦਾ ਵੱਡਾ ਕਾਰਨ ਪਰਵਾਸ ਸੀ। ਕੁੱਲ ਆਬਾਦੀ ਦਾ ਤਕਰੀਬਨ 97 ਫ਼ੀਸਦ ਪਰਵਾਸ ਦੇ ਕਾਰਨ ਵਧਿਆ ਸੀ।ਟਰੂਡੋ ਅਤੇ ਉਨ੍ਹਾਂ ਦੀ ਸਰਕਾਰ ਨੂੰ ਬੀਤੇ ਸਮੇਂ ਵਿੱਚ ਲਗਾਤਾਰ ਇਸ ਗੱਲ ਲਈ ਅਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿ ਉਨ੍ਹਾਂ ਨੇ ਲੋੜੀਦੀਆਂ ਰਿਹਾਇਸ਼ੀ ਸਹੂਲਤਾਂ ਵੱਲ ਧਿਆਨ ਦਿੱਤੇ ਬਿਨ੍ਹਾਂ ਹੀ ਪਰਵਾਸ ਨੂੰ ਵਧਾਇਆ।ਮਾਹਰਾਂ ਦਾ ਮੰਨਣਾ ਹੈ ਕਿ ਲੋਕਾਂ ਨੂੰ ਸੱਦਣ ਤੋਂ ਪਹਿਲਾਂ ਆਉਣ ਵਾਲਿਆਂ ਦੀ ਰਿਹਾਇਸ਼ ਦੇ ਪ੍ਰਬੰਧ ਬਾਰੇ ਸੋਚਣ ਦੀ ਲੋੜ ਸੀ।ਇਸ ਦੇ ਨਾਲ ਹੀ, ਕੈਨੇਡਾ ਦੀ ਬੇਰੁਜ਼ਗਾਰੀ ਦਰ ਪਿਛਲੇ ਦੋ ਮਹੀਨਿਆਂ ਵਿੱਚ ਵਧ ਕੇ 6.4 ਫ਼ੀਸਦੀ ਹੋ ਗਈ ਹੈ, ਦੇਸ ਭਰ ਵਿੱਚ ਅੰਦਾਜ਼ਨ 14 ਲੱਖ ਲੋਕ ਬੇਰੁਜ਼ਗਾਰ ਹਨ।

**ਨੀਤੀ ਬਦਲਣ ਦੀ ਲੋੜ**

ਬੀਬੀਸੀ ਪੱਤਰਕਾਰ ਨਦੀਨ ਯੂਸਿਫ਼ ਦੀ ਰਿਪੋਰਟ ਮੁਤਾਬਕ ਅਸਥਾਈ ਕਰਮਚਾਰੀ ਪ੍ਰੋਗਰਾਮ ਵਿੱਚ ਬਦਲਾਅ ਬਾਰੇ ਪ੍ਰਧਾਨ ਮੰਤਰੀ ਟਰੂਡੋ ਨੇ ਇੱਕ ਪ੍ਰੈਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਲੇਬਰ ਮਾਰਕੀਟ ਵਿੱਚ ਬਦਲਾਅ ਦੇ ਕਾਰਨ ਅਸਥਾਈ ਵਿਦੇਸ਼ੀ ਕਾਮਿਆਂ ਦੇ ਪ੍ਰੋਗਰਾਮ ਬਾਰੇ ਮੁੜ ਵਿਚਾਰ ਕਰ ਰਹੇ ਹਨ।ਉਨ੍ਹਾਂ ਕਿਹਾ, ਇਹ (ਮੌਜੂਦਾ ਨੀਤੀ) ਚੰਗੀ ਨੌਕਰੀ ਲੱਭਣ ਲਈ ਸੰਘਰਸ਼ ਕਰ ਰਹੇ ਕੈਨੇਡਾ ਵਾਸੀਆਂ ਲਈ ਢੁੱਕਵੀਂ ਨਹੀਂ ਹੈ। ਇੰਨਾਂ ਹੀ ਨਹੀਂ ਇਹ ਉਨ੍ਹਾਂ ਅਸਥਾਈ ਵਿਦੇਸ਼ੀ ਕਰਮਚਾਰੀਆਂ ਲਈ ਵੀ ਉਚਿਤ ਨਹੀਂ ਹੈ, ਜਿਨ੍ਹਾਂ ਵਿੱਚੋਂ ਕਈਆਂ ਨੂੰ ਦੁਰਵਿਵਹਾਰ ਅਤੇ ਸ਼ੋਸ਼ਣ ਦਾ ਸਾਹਮਣਾ ਕਰਨਾ ਪੈਂਦਾ ਹੈ।ਅਸਲ ਵਿੱਚ ਅਸਥਾਈ ਵਿਦੇਸ਼ੀ ਵਰਕਰ ਪ੍ਰੋਗਰਾਮ ਵਿੱਚ ਵਿਦੇਸ਼ੀ ਨਾਗਰਿਕਾਂ ਦੀ ਥੋੜ੍ਹੇ ਸਮੇਂ ਲਈ ਨਿਯੁਕਤੀ ਕੀਤੀ ਜਾਂਦੀ ਹੈ। ਪਰ ਅਜਿਹਾ ਉਸ ਸੂਰਤ ਵਿੱਚ ਹੁੰਦਾ ਹੈ, ਜਦੋਂ ਰੁਜ਼ਗਾਰਦਾਤਾਵਾਂ ਨੂੰ ਯੋਗਤਾ ਹਾਸਲ ਕੈਨੇਡਾ ਵਾਸੀ ਕਾਮੇ ਉਪਲੱਬਧ ਨਾ ਹੋਣ, ਜਾਂ ਉਨ੍ਹਾਂ ਦੀ ਗਿਣਤੀ ਉਨ੍ਹਾਂ ਦੀ ਲੋੜ ਨੂੰ ਪੂਰਾ ਨਾ ਕਰਦੀ ਹੋਵੇ।ਇਸ ਪ੍ਰੋਗਰਾਮ ਵੱਲ ਹਾਲ ਹੀ ਵਿੱਚ ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਤੋਂ ਬਾਅਦ ਧਿਆਨ ਖਿੱਚਿਆ ਗਿਆ ਸੀ।ਇਸ ਰਿਪੋਰਟ ਵਿੱਚ ਅਸਥਾਈ ਵਿਦੇਸ਼ੀ ਕਾਮੇ ਪ੍ਰੋਗਰਾਮ ਨੂੰ, 'ਗ਼ੁਲਾਮੀ ਦੇ ਸਮਕਾਲੀ ਰੂਪਾਂ ਲਈ ਇੱਕ ਥਾਂ' ਵਜੋਂ ਦਰਸਾਇਆ ਗਿਆ ਸੀ।ਇਸ ਤੋਂ ਇਲਾਵਾ ਮਜ਼ਦੂਰਾਂ ਦੇ ਹਮਾਇਤੀ ਸਮੂਹ ਵੀ ਇਸ ਪ੍ਰੋਗਰਾਮ ਦੀ ਅਲੋਚਨਾ ਕਰਦੇ ਰਹੇ ਹਨ।ਸੰਯੁਕਤ ਰਾਸ਼ਟਰ ਦੇ ਵਿਸ਼ੇਸ਼ ਰਿਪੋਰਟਰ ਪ੍ਰੋਫ਼ੈਸਰ ਟੋਮੋਯਾ ਓਬੋਕਾਟਾ, ਬਰਤਾਨੀਆ ਦੀ ਯੌਰਕ ਯੂਨੀਵਰਸਿਟੀ ਵਿੱਚ ਕੌਮਾਂਤਰੀ ਮਨੁੱਖੀ ਹੱਕਾਂ ਸਬੰਧੀ ਕਾਨੂੰਨ ਵਿਸ਼ੇ ਦੇ ਮਾਹਰ ਹਨ।ਓਬੋਕਾਟਾ ਮੁਤਾਬਕ, ਕੈਨੇਡਾ ਵਿੱਚ ਕਾਮਿਆਂ ਨੂੰ ਕੰਮ ਦੇ ਹਿਸਾਬ ਨਾਲ ਘੱਟ ਤਨਖ਼ਾਹ ਦੇਣ, ਕਾਮਿਆਂ ਤੋਂ ਲੋੜੀਂਦੇ ਸੁਰੱਖਿਆ ਉਪਕਰਨਾਂ ਤੋਂ ਬਿਨਾਂ ਕੰਮ ਕਰਵਾਉਣ, ਮਨਮਰਜ਼ੀ ਨਾਲ ਕੰਮ ਦੇ ਘੰਟਿਆਂ ਵਿੱਚ ਕਟੌਤੀ ਕਰਨ ਦੀਆਂ ਕਈ ਰਿਪੋਰਟਾਂ ਉਨ੍ਹਾਂ ਨੂੰ ਮਿਲੀਆਂ ਹਨ।

**ਅਸਥਾਈ ਕਾਮਿਆਂ ਦੀ ਲੋੜ ਤੇ ਵਾਧਾ**

ਹਾਲ ਹੀ ਦੇ ਸਾਲਾਂ ਵਿੱਚ ਖੇਤੀ ਅਤੇ ਉਸਾਰੀ ਖੇਤਰ ਵਿੱਚ ਰੁਜ਼ਗਾਰਦਾਤਾ ਇਸ ਪ੍ਰੋਗਰਾਮ ਅਧੀਨ ਅਸਥਾਈ ਕਰਮਚਾਰੀਆਂ ਨੂੰ ਪਹਿਲਾਂ ਦੇ ਮੁਕਾਬਲੇ ਵਧੇਰੇ ਤਰਜ਼ੀਹ ਦੇਣ ਲੱਗੇ ਸਨ।ਅਸਲ ਵਿੱਚ ਕੋਵਿਡ ਮਹਾਂਮਾਰੀ ਦੌਰਾਨ ਕੁਝ ਕਾਰੋਬਾਰ ਮਜ਼ਦੂਰਾਂ ਦੀ ਘਾਟ ਨਾਲ ਜੂਝ ਰਹੇ ਸਨ। ਇਨ੍ਹਾਂ ਦੀ ਮਦਦ ਲਈ ਸਰਕਾਰ ਨੇ ਅਸਥਾਈ ਲੇਬਰ ਪ੍ਰੋਗਰਾਮ ਵਿੱਚ ਕੁਝ ਢਿੱਲਾਂ ਦਿੱਤੀਆਂ ਸਨ।ਜੋ ਕਿ ਅਸਥਾਈ ਕਰਮਚਾਰੀਆਂ ਦੀ ਆਮਦ ਵੱਧਣ ਦਾ ਇੱਕ ਕਾਰਨ ਸਾਬਤ ਹੋਇਆ ਸੀ।ਰੋਜ਼ਗਾਰ ਅਤੇ ਸਮਾਜਿਕ ਵਿਕਾਸ ਕੈਨੇਡਾ (ਈਐੱਸਡੀਸੀ) ਮੁਤਾਬਕ, 2023 ਵਿੱਚ ਤਕਰੀਬਨ 183,820 ਅਸਥਾਈ ਵਿਦੇਸ਼ੀ ਕਾਮਿਆਂ ਨੂੰ ਪਰਮਿਟ ਦਿੱਤੇ ਗਏ ਸਨ। ਇਹ ਗਿਣਤੀ 2019 ਦੇ ਮੁਕਾਬਲੇ 88 ਫ਼ੀਸਦੀ ਵੱਧ ਸੀ।ਈਐੱਸਡੀਸੀ ਨੇ ਸੋਮਵਾਰ ਦੇ ਇੱਕ ਬਿਆਨ ਜਾਰੀ ਕਰਕੇ ਰੁਜ਼ਗਾਰਦਾਤਾਵਾਂ ਉੱਤੇ ਇਲਜ਼ਾਮ ਲਾਇਆ ਕਿ ਇਸ ਪ੍ਰੋਗਰਾਮ ਦੀ ਵਰਤੋਂ ਉਨ੍ਹਾਂ ਨੇ ਕੈਨੇਡਾ ਵਿੱਚ ਮੌਜੂਦ ਪ੍ਰਭਾਵਸ਼ਾਲੀ ਕਾਮਿਆਂ ਦੀ ਭਰਤੀ ਨੂੰ ਘਟਾਉਣ ਲਈ ਕੀਤੀ ਹੈ।ਨਵੇਂ ਬਦਲਾਵਾਂ ਅਧੀਨ ਉਨ੍ਹਾਂ ਖੇਤਰਾਂ ਵਿੱਚ ਅਸਥਾਈ ਵਰਕ ਪਰਮਿਟ ਨਹੀਂ ਦਿੱਤੇ ਜਾਣਗੇ, ਜਿਨ੍ਹਾਂ ਵਿੱਚ ਬੇਰੁਜ਼ਗਾਰੀ ਦਰ 6 ਫ਼ੀਸਦੀ ਜਾਂ ਇਸ ਤੋਂ ਵੱਧ ਹੈ।ਇਸ ਤੋਂ ਇਲਾਵਾ ਮੌਸਮੀ ਭੋਜਨ ਦੇ ਉਤਪਾਦਨ, ਖੇਤੀਬਾੜੀ, ਉਸਾਰੀ ਅਤੇ ਸਿਹਤ ਸੰਭਾਲ ਖੇਤਰਾਂ ਵਿੱਚ ਲੋੜ ਮੁਤਾਬਕ ਛੋਟ ਵੀ ਦਿੱਤੀ ਜਾਵੇਗੀ।ਯਾਨੀ, ਇਹ ਯੋਜਨਾ ਘੱਟ ਤਨਖਾਹ ਵਾਲੇ ਅਸਥਾਈ ਵਿਦੇਸ਼ੀ ਕਾਮਿਆਂ ਦੇ ਗਿਣਤੀ ਨੂੰ ਘਟਾ ਦੇਵੇਗੀ, ਜੋ ਕਿ ਮੌਜੂਦਾ ਸਮੇਂ ਵਿੱਚ ਰੁਜ਼ਗਾਰਦਾਤਾ ਦੇ ਕੁੱਲ ਕਰਮਚਾਰੀਆਂ ਦਾ 20 ਫ਼ੀਸਦ ਤੋਂ ਲੈ ਕੇ 10 ਫ਼ੀਸਦ ਤੱਕ ਹਿੱਸਾ ਹਨ।ਇਹ ਬਦਲਾਅ 26 ਸਤੰਬਰ ਤੋਂ ਲਾਗੂ ਹੋਣਗੇ।ਇਸ ਸਾਲ ਦੀ ਸ਼ੁਰੂਆਤ ਵਿੱਚ, ਕੈਨੇਡੀਅਨ ਸਰਕਾਰ ਨੇ ਦੇਸ਼ ਦੇ ਇਤਿਹਾਸ ਵਿੱਚ ਪਹਿਲੀ ਵਾਰ ਅਸਥਾਈ ਵਾਸੀਆਂ ਦੀ ਗਿਣਤੀ ਨੂੰ ਘਟਾਉਣ ਦੇ ਆਪਣੇ ਇਰਾਦੇ ਦਾ ਸੰਕੇਤ ਦਿੱਤਾ ਸੀ।ਅਸਥਾਈ ਕਾਮਿਆਂ ਦੀ ਨਿਰਧਾਰਿਤ ਕੀਤੀ ਗਈ ਗਿਣਤੀ ਵਿਦੇਸ਼ੀ ਕਰਮਚਾਰੀਆਂ ਦੇ ਨਾਲ-ਨਾਲ ਕੌਮਾਂਤਰੀ ਵਿਦਿਆਰਥੀਆਂ ਅਤੇ ਸ਼ਰਨ ਮੰਗਣ ਵਾਲਿਆਂ ਤੇ ਵੀ ਲਾਗੂ ਹੋਵੇਗੀ।

## ਕਿਉਂ ਸਹਿੰਦੇ ਹਨ ਕਾਮੇ ਸ਼ੋਸ਼ਣ

ਕਰੀਬ 22 ਪੰਨਿਆ ਦੀ ਇਸ ਰਿਪੋਰਟ ਮੁਤਾਬਕ, ਅਕਸਰ ਕਾਮੇ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਨਹੀਂ ਹੁੰਦੇ, ਇਸ ਕਾਰਨ ਉਹ ਦੁਰਵਿਵਹਾਰ ਦਾ ਸ਼ਿਕਾਰ ਹੋ ਜਾਂਦੇ ਹਨ।ਇਸ ਤੋਂ ਇਲਾਵਾ ਭਾਸ਼ਾ ਵਿੱਚ ਮੁਹਾਰਤ ਨਾ ਹੋਣਾ ਅਤੇ ਇੰਟਰਨੈੱਟ ਤੱਕ ਸੀਮਤ ਪਹੁੰਚ ਵੀ ਉਨ੍ਹਾਂ ਦੇ ਸ਼ੋਸ਼ਣ ਦਾ ਇੱਕ ਵੱਡਾ ਕਾਰਨ ਬਣਦੀ ਹੈ।ਰਿਪੋਰਟ ਮੁਤਾਬਕ ਕਾਮਿਆਂ ਦੇ ਹੱਕ ਕੀ ਹਨ ਅਤੇ ਜੇਕਰ ਉਨ੍ਹਾਂ ਨਾਲ ਕੋਈ ਵਧੀਕੀ ਕਰਦਾ ਵੀ ਹੈ ਤਾਂ ਇਸ ਖ਼ਿਲਾਫ਼ ਆਵਾਜ਼ ਕਿੱਥੇ ਚੁੱਕਣੀ ਹੈ, ਇਸ ਬਾਰੇ ਸਰਕਾਰ ਵੱਲੋਂ ਕੋਈ ਖ਼ਾਸ ਜਾਗਰੂਕਤਾ ਮੁਹਿੰਮ ਸ਼ੁਰੂ ਨਹੀਂ ਕੀਤੀ ਗਈ।ਦੂਜੇ ਪਾਸੇ ਸੀਬੀਸੀ ਦੀ ਇੱਕ ਖ਼ਬਰ ਮੁਤਾਬਕ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿੱਲਰ ਨੇ ਅਸਥਾਈ ਵਿਦੇਸ਼ੀ ਕਾਮਿਆਂ ਦੇ ਸੰਦਰਭ ਵਿੱਚ ਸੰਯੁਕਤ ਰਾਸ਼ਟਰ ਦੀ ਰਿਪੋਰਟ ਵਿੱਚ ਵਰਤੇ ਗਏ ਸਮਕਾਲੀ ਗ਼ੁਲਾਮੀ ਸ਼ਬਦ ਤੇ ਇਤਰਾਜ਼ ਜਤਾਇਆ ਹੈ।ਪਰ ਨਾਲ ਹੀ ਮਾਰਕ ਮਿੱਲਰ ਨੇ ਸੰਯੁਕਤ ਰਾਸ਼ਟਰ ਦੀ ਰਿਪੋਰਟ ਵਿੱਚ ਦਰਜ ਕੀਤੀਆਂ ਗਈਆਂ ਗੱਲਾਂ ਨੂੰ ਸਵੀਕਾਰ ਵੀ ਕੀਤਾ ਹੈ ਅਤੇ ਇਸ ਨੂੰ ਤੁਰੰਤ ਰੋਕਣ ਦੀ ਲੋੜ ਦਾ ਵੀ ਜ਼ਿਕਰ ਕੀਤਾ ਹੈ।ਮਿੱਲਰ ਮੁਤਾਬਕ, ਕੈਨੇਡਾ ਵਿੱਚ ਕੋਈ ਵੀ ਵਿਅਕਤੀ, ਚਾਹੇ ਉਹ ਕਿਸੇ ਵੀ ਨੌਕਰੀ ਤੇ ਹੋਵੇ, ਕਾਨੂੰਨ ਦੇ ਮੁਤਾਬਕ ਲੋਕਾਂ ਨਾਲ ਇੱਜ਼ਤ ਅਤੇ ਸਤਿਕਾਰ ਨਾਲ ਪੇਸ਼ ਆਉਣਾ ਸਭ ਦਾ ਫ਼ਰਜ਼ ਹੈ।ਮਿੱਲਰ ਨੇ ਵੀ ਪ੍ਰੋਗਰਾਮ ਵਿੱਚ ਬਦਲਾਵਾਂ ਬਾਰੇ ਇਸ਼ਾਰਾ ਕੀਤਾ ਸੀ। ਉਨ੍ਹਾਂ ਕਿਹਾ ਸੀ ਕਿ ਸਰਕਾਰ ਇਸ ਗੱਲ ਦਾ ਧਿਆਨ ਰੱਖ ਰਹੀ ਹੈ ਕਿ ਇਸ ਨਾਲ ਭੋਜਨ ਦੀਆਂ ਕੀਮਤਾਂ ਵਿੱਚ ਵਾਧਾ ਨਾ ਹੋਵੇ।

## 'ਪੰਜਾਬ ਤੋਂ ਅਸਥਾਈ ਤੌਰ 'ਤੇ ਜਾਣ ਦਾ ਵਧਿਆ ਸੀ ਰੁਝਾਨ'

ਕੈਨੇਡਾ ਦੇ ਕੌਮਾਂਤਰੀ ਵਿਦਿਆਰਥੀਆਂ ਵਿੱਚ ਵੱਡੀ ਗਿਣਤੀ ਭਾਰਤੀ ਖ਼ਾਸਕਰ ਪੰਜਾਬੀ ਵਿਦਿਆਰਥੀ ਸ਼ਾਮਲ ਹਨ।ਇਸ ਮਾਮਲੇ ਉੱਤੇ ਪੰਜਾਬ ਵਿੱਚ ਇੱਕ ਨਿੱਜੀ ਇਮੀਗ੍ਰੇਸ਼ਨ ਕੰਪਨੀ ਚਲਾਉਣ ਵਾਲੇ ਗੁਰਤੇਜ ਸਿੰਘ ਸੰਧੂ ਦੱਸਦੇ ਹਨ ਕਿ, ਕੈਨੇਡਾ ਸਰਕਾਰ ਨੇ ਪਹਿਲਾਂ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਉੱਤੇ ਪਾਬੰਦੀ ਲਾਈ ਸੀ। ਜਿਸ ਤੋਂ ਬਾਅਦ ਅਸਥਾਈ ਵਰਕਰ ਪ੍ਰੋਗਰਾਮ ਵੱਲ ਲੋਕਾਂ ਦਾ ਰੁਝਾਨ ਹੋਇਆ।ਪੰਜਾਬ ਤੋਂ ਪਿਛਲੇ ਸਮੇਂ ਵਿੱਚ ਵੱਡੀ ਗਿਣਤੀ ਲੋਕ ਖੇਤੀ ਮਜ਼ਦੂਰਾਂ ਜਾਂ ਉਸਾਰੀ ਮਜ਼ਦੂਰਾਂ ਤੇ ਮਾਹਰਾਂ ਵਜੋਂ ਅਸਥਾਈ ਤੌਰ ਉੱਤੇ ਕੈਨੇਡਾ ਗਏ। ਪਰ ਹੁਣ ਇਸ ਪ੍ਰੋਗਰਾਮ ਵਿੱਚ ਬਦਲਾਅ ਨਾਲ ਪਰਵਾਸ ਦਾ ਇਹ ਤਰੀਕਾ ਵੀ ਸੀਮਤ ਹੋ ਜਾਵੇਗਾ।ਸੰਧੂ ਇਸ ਨੀਤੀ ਨੂੰ ਇੱਕ ਸਿਆਸੀ ਕਦਮ ਵੀ ਦੱਸਦੇ ਹਨ। ਉਹ ਕਹਿੰਦੇ ਹਨ, ਕੈਨੇਡਾ ਦੇ ਸਥਾਨਿਕ ਨਾਗਰਿਕਾਂ ਤੇ ਮੂਲ ਵਾਸੀਆਂ ਦੀ ਧਾਰਨਾ ਹੈ ਕਿ ਅਸਥਾਈ ਵਰਕ ਪਰਮਿਟ ਉਨ੍ਹਾਂ ਲਈ ਰੁਜ਼ਗਾਰ ਦੇ ਮੌਕਿਆਂ ਨੂੰ ਸੌੜਾ ਕਰਦਾ ਹੈ। ਜਿਸ ਕਾਰਨ ਉਹ ਵੱਧਦੇ ਪਰਵਾਸ ਦੇ ਹੱਕ ਵਿੱਚ ਨਹੀਂ ਹੈ। ਤੇ ਉਹ ਸਰਕਾਰ ਦਾ ਇਸ ਮਸਲੇ ਉੱਤੇ ਵਿਰੋਧ ਵੀ ਕਰਦੇ ਹਨ।ਇਹ ਸੁਭਾਵਿਕ ਹੈ ਕਿ ਸਥਾਈ ਨਾਗਰਿਕਾਂ ਦਾ ਵਿਰੋਧ ਅਤੇ ਉਨ੍ਹਾਂ ਦੀ ਸਹੂਲਤ ਸਿਆਸੀ ਫ਼ੈਸਲਿਆਂ ਨੂੰ ਦਿਸ਼ਾ ਦਿੰਦੀ ਹੈ। ਕੈਨੇਡਾ ਸਰਕਾਰ ਦਾ ਇਹ ਫ਼ੈਸਲਾ ਵੀ ਆਉਂਦੀਆਂ ਚੋਣਾਂ ਅਤੇ ਪਰਵਾਸ ਦੇ ਮਸਲੇ ਉੱਤੇ ਚੱਲ ਰਹੇ ਟਰੂਡੋ ਸਰਕਾਰ ਦੇ ਵਿਰੋਧ ਤੋਂ ਪ੍ਰੇਰਿਤ ਨਜ਼ਰ ਆ ਰਿਹਾ ਹੈ।

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 268

Website: www.preetnama.com Email preetnamausa@gmail.com

30 AUGUST TO 05 SEPTEMBER, 2024




# Thousands celebrate the pride of their motherland

## at the 13th India Day Parade of Long Island in Hicksville on August 25



Hicksville, NY: The India Day Parade of Long Island this year surpassed the glory and grandeur of the previous parades, as witnessed by tens of thousands of people celebrating Indiaís 78th Independence Day here in Long Island on August 25.

A record 50 marching groups from different organizations and 11 floats participated in the parade, which were cheered on by the public waving the Indian Flag and lining alongside South Broadway down from the Patel Brothers Plaza.


The floats included a replica of the Golden Temple in Amritsar, the Ram Mandir, consecrated in Ayodhya earlier this year by Prime Minister Narendra Modi, and one float of Lord Ganesha. Other floats included the Arya Samaj of Long Island, LIPAC and many more. The surprising participation by the Hicksville School Marching band and 25 motorcycle riders was a great attraction to the onlookers for the annual parade.

Organized by IDP USA, the parade, now in its 13th year, was a grand success held under the leadership of co-Presidents Vimal Goyal and Deepak Bansal, their team and Commission Chair Dr. Bobby Kumar Kalotee. Celebrity Grand Marshals were comely actress and politician Jaya Prada Nahata and actress Neetu Chandra who stole the hearts of their fans. Dr Urmilesh Arya was the community Grand Marshall. Consul General Binaya Pradhan as Grand Marshall was represented by Vishal Jayesh Bhai Harsh - Consul (Economy, HOC & CPIO) and Mr. Anurag. Harry Singh Bolla of Bolla Oil, Shudh Prakash Singh, and Dr Jay Sarkar were Chief Guests. There were several Guests of Honor and dignitaries who were present. The elected officials who addressed the surging crowds from the stage at Patel Brothers and later at the entertainment stage included Congressman Anthony DíEsposito, NY Senate members Steve Rhoads and Jack Martins, TOBAY Supervisor Joseph Saladino, Town of North Hempstead Supervisor Jennifer DeSena, Nassau County Legislator from Hicksville Rose Marie Walker, and Town of North Hempstead Town Clerk Ragini Srivastava and others. Several dignitaries and lawmakers as well as celebrities and prominent guests from the community joined in the celebrations, adding to the gravitas of the calendar event of Long Island. Patriotic songs and slogans, such as ëBharat Mata ki jaií and ëJai Hind,í rang out in the air as people waved Indiaís tricolor along the parade route. The parade culminated at the sprawling LIRR parking lot. Over 55 booths set up there attracted a stream of visitors. Free, delicious meals were served to all, courtesy of IDP USA. Bolla Market set up Free Childrenís Carnival Games. In the afternoon, the gathering was regaled with popular Bollywood and Punjabi songs by well-known entertainers Rex DíSouza with his live band, Indian Idol Khuda Baksh, and Bhangra King Sarabjeet Cheema. Several people, including members of the IDP Team such as Chairman Bobby Kalotee, President Vimal Goyal, Past Presidents Jay Jasbir Singh, Indu Jaiswal, Senior Vice Presidents Nilima Madan, Bina Sabapathy and many team members and others were seen dancing with joy near the stage as they celebrated Indiaís 78th Independence Day.



Photography By Thakur Studio
+1-917-854-4109







# Preetnama

ਪ੍ਰੀਤਨਾਮਾ

ਖਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 268

Website: www.preetnama.com Email preetnamausa@gmail.com

30 AUGUST TO 05 SEPTEMBER, 2024


# Thousands celebrate the pride of their motherland

## at the 13th India Day Parade of Long Island in Hicksville on August 25








Photography By Thakur Studio
+1-917-854-4109












# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 268

Website: www.preetnama.com Email preetnamausa@gmail.com

30 AUGUST TO 05 SEPTEMBER, 2024













Photography By Thakur Studio
+1-917-854-4109












# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 268 | Website: www.preetnama.com Email preetnamausa@gmail.com | 30 AUGUST TO 05 SEPTEMBER, 2024

# Thousands celebrate the pride of their motherland

## at the 13th India Day Parade of Long Island in Hicksville on August 25










Photography By Thakur Studio
+1-917-854-4109


















# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 268

Website: www.preetnama.com Email preetnamausa@gmail.com

30 AUGUST TO 05 SEPTEMBER, 2024


## Thousands celebrate the pride of their motherland at the 13th India Day Parade of Long Island in Hicksville on August 25






Photography By Thakur Studio
+1-917-854-4109




















# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 268

Website: www.preetnama.com Email preetnamausa@gmail.com

30 AUGUST TO 05 SEPTEMBER, 2024




# Thousands celebrate the pride of their motherland

## at the 13th India Day Parade of Long Island in Hicksville on August 25












Photography By Thakur Studio
+1-917-854-4109

























# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 268

Website: www.preetnama.com Email preetnamausa@gmail.com

30 AUGUST TO 05 SEPTEMBER, 2024


# Thousands celebrate the pride of their motherland

## at the 13th India Day Parade of Long Island in Hicksville on August 25










Photography By Thakur Studio
+1-917-854-4109




















# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 266

Website: www.preetnama.com Email preetnamausa@gmail.com

30 AUGUST TO 05 SEPTEMBER, 2024


# Thousands celebrate the pride of their motherland

## at the 13th India Day Parade of Long Island in Hicksville on August 25













Photography By Thakur Studio
+1-917-854-4109






















Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 268
Website: www.preetnama.com Email preetnamausa@gmail.com
30 AUGUST TO 05 SEPTEMBER, 2024

# Thousands celebrate the pride of their motherland

## at the 13th India Day Parade of Long Island in Hicksville on August 25











Photography By Thakur Studio
+1-917-854-4109























# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 268

Website: www.preetnama.com Email preetnamausa@gmail.com

30 AUGUST TO 05 SEPTEMBER, 2024


## ਸੁਪਰ ਐਂਟਰਟੇਨਮੈਂਟ ਅਤੇ ਸਾਂਝਾ ਪੰਜਾਬ ਯੂ.ਐਸ.ਏ ਵੱਲੋਂ ਇੰਡੋ-ਅਮਰੀਕਨ ਵੈਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ

# ਪੰਜਾਬ ਦਿਵਸ ਖੇਡਾਂ ਅਤੇ ਸੱਭਿਆਚਾਰਕ ਸਮਾਗਮ ਕਰਵਾਇਆ



**☛ ਸ਼ਾਮ 4 ਵਜੇ ਤੋਂ ਸ਼ਾਮ 7 ਵਜੇ ਤੱਕ ਸੱਭਿਆਚਾਰਕ ਅਖਾੜਾ ਲਗਾਇਆ ਗਿਆ, ਜਿਸ ਵਿਚ ਪੰਜਾਬ ਦੇ ਪ੍ਰਸਿੱਧ ਗਾਇਕਾਂ ਸਰਬਜੀਤ ਚੀਮਾ, ਸਤਵਿੰਦਰ ਬਿੱਟੀ ਨੇ ਆਪਣੀ ਗਾਇਕੀ ਲੋਕਾਂ ਦਾ ਮਨੋਰੰਜਨ ਕੀਤਾ, ☛ ਪ੍ਰਸਿੱਧ ਗਾਇਕਾ ਅਮਨ ਰੋਜ਼ੀ ਦਾ ਕੀਤਾ ਗਿਆ ਵਿਸ਼ੇਸ਼ ਸਨਮਾਨ**





ਨਿਊਯਾਰਕ : (ਪ੍ਰੀਤਨਾਮਾ) ਸੁਪਰ ਐਂਟਰਟੇਨਮੈਂਟ ਅਤੇ ਸਾਂਝਾਂ ਪੰਜਾਬ ਯੂ.ਐਸ.ਏ. ਵੱਲੋਂ ਇੰਡੋ-ਅਮਰੀਕਨ ਵੈਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ ਪੰਜਾਬ ਦਿਵਸ ਸਪੋਰਟਸ ਐਂਡ ਕਲਚਰਲ ਈਵੈਂਟ ਦਾ ਆਯੋਜਨ HBQVB ਪਾਰਕ YMCA 236 Street HillSide Avnewe Queen, NewYork ਵਿਖੇ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦਿਵਸ ਸਮਾਗਮ ਦੇ ਮੁੱਖ ਪ੍ਰਬੰਧਕ ਬਲਵਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਪੰਜਾਬ ਦਿਵਸ ਖੇਡਾਂ ਅਤੇ ਸੱਭਿਆਚਾਰਕ ਸਮਾਗਮ ਦੌਰਾਨ ਕਬੱਡੀ ਮੈਚਾਂ ਤੋਂ ਇਲਾਵਾ ਵਾਲੀਬਾਲ, ਗੱਤਕਾ, ਰੱਸਾਕਸ਼ੀ, ਲੜਕੀਆਂ ਦੀ ਦੌੜ, ਮਟਕਾ ਦੌੜ, ਬਜ਼ੁਰਗਾਂ ਦੀ ਦੌੜ ਅਤੇ ਤਾਸ਼ ਦੀ ਬਾਜ਼ੀ ਤੋਂ ਇਲਾਵਾ ਹੋਰ ਵੀ ਕਈ ਤਰ੍ਹਾਂ ਦੀਆਂ ਖੇਡਾਂ ਕਰਵਾਈਆਂ ਗਈਆਂ। ਜਸਪ੍ਰੀਤ ਸਿੰਘ ਅਟਾਰਨੀ ਇਸ ਪ੍ਰੋਗਰਾਮ ਦਾ ਮੁੱਖ ਮਹਿਮਾਨ ਸਨ।ਉਨ੍ਹਾਂ ਨੇ ਖੇਡਾਂ ਵਿਚ ਭਾਗ ਲੈਣ ਵਾਲੇ ਸਾਰੇ ਖਿਡਾਰੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਬਾਜਵਾ ਜੀ ਨੇ ਦੱਸਿਆ ਕਿ ਜੇਤੂ ਕਬੱਡੀ ਟੀਮ ਨੂੰ ਪਹਿਲਾ ਇਨਾਮ ਜਸਵਿੰਦਰ ਜੌਹਲ ਅਤੇ ਦੀਪਕ ਭਾਰਦਵਾਜ (ਆਪਣਾ ਬਜ਼ਾਰ) ਦੀ ਤਰਫੋਂ ਸਪਾਂਸਰ ਕੀਤਾ। ਸ਼ਾਮ 4 ਵਜੇ ਤੋਂ 7 ਵਜੇ ਤੱਕ ਸੱਭਿਆਚਾਰਕ ਅਖਾੜਾ ਲਗਾਇਆ ਗਿਆ, ਜਿਸ ਵਿਚ ਪੰਜਾਬ ਦੇ ਪ੍ਰਸਿੱਧ ਗਾਇਕ ਸਰਬਜੀਤ ਚੀਮਾ, ਸਤਵਿੰਦਰ ਬਿੱਟੀ ਅਤੇ ਅਮਨ ਰੋਜ਼ੀ ਨੇ ਆਪਣੀ ਗਾਇਕੀ ਨਾਲ ਲੋਕਾਂ ਦਾ ਮਨੋਰੰਜਨ ਕੀਤਾ ਹਾਜ਼ਰ ਦਰਸ਼ਕਾਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ । ਇਸ ਤੋਂ ਇਲਾਵਾ ਪੰਜਾਬ ਦਿਵਸ ਮੌਕੇ ਦਿਲਚਸਪ ਇਨਾਮਾਂ ਲਈ ਡਰਾਅ ਵੀ ਕੱਢੇ ਗਏ, ਜਿਨ੍ਹਾਂ ਦੇ ਜੇਤੂਆਂ ਨੂੰ ਇਨਾਮ ਦਿੱਤੇ ਗਏ। ਇਸ ਤਰ੍ਹਾਂ ਪੰਜਾਬ ਦਿਵਸ ਖੇਡਾਂ ਅਤੇ ਸੱਭਿਆਚਾਰਕ ਸਮਾਗਮ ਦਿਲਾਂ ਵਿੱਚ ਅਮਿੱਟ ਯਾਦਾਂ ਛੱਡਦਾ ਹੋਇਆ ਸੰਪੰਨ ਹੋਇਆ।








**Photography By Thakur Studio**
**+1-917-854-4109**















# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 268

Website: www.preetnama.com Email preetnamausa@gmail.com

30 AUGUST TO 05 SEPTEMBER, 2024


## ਸੁਪਰ ਐਂਟਰਟੇਨਮੈਂਟ ਅਤੇ ਸਾਂਝਾ ਪੰਜਾਬ ਯੂ.ਐਸ.ਏ ਵੱਲੋਂ ਇੰਡੋ-ਅਮਰੀਕਨ ਵੈਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ

# ਪੰਜਾਬ ਦਿਵਸ ਖੇਡਾਂ ਅਤੇ ਸੱਭਿਆਚਾਰਕ ਸਮਾਗਮ ਕਰਵਾਇਆ

☛ ਸ਼ਾਮ 4 ਵਜੇ ਤੋਂ ਸ਼ਾਮ 7 ਵਜੇ ਤੱਕ ਸੱਭਿਆਚਾਰਕ ਅਖਾੜਾ ਲਗਾਇਆ ਗਿਆ, ਜਿਸ ਵਿਚ ਪੰਜਾਬ ਦੇ ਪ੍ਰਸਿੱਧ ਗਾਇਕਾਂ ਸਰਬਜੀਤ ਚੀਮਾ, ਸਤਵਿੰਦਰ ਬਿੱਟੀ ਨੇ ਆਪਣੀ ਗਾਇਕੀ ਲੋਕਾਂ ਦਾ ਮਨੋਰੰਜਨ ਕੀਤਾ, ☛ ਪ੍ਰਸਿੱਧ ਗਾਇਕਾ ਅਮਨ ਰੋਜ਼ੀ ਦਾ ਕੀਤਾ ਗਿਆ ਵਿਸ਼ੇਸ਼ ਸਨਮਾਨ





Photography By Thakur Studio
+1-917-854-4109























# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 268

Website: www.preetnama.com Email preetnamausa@gmail.com

30 AUGUST TO 05 SEPTEMBER, 2024


## ਸੁਪਰ ਐਂਟਰਟੇਨਮੈਂਟ ਅਤੇ ਸਾਂਝਾ ਪੰਜਾਬ ਯੂ.ਐਸ.ਏ ਵੱਲੋਂ ਇੰਡੋ-ਅਮਰੀਕਨ ਵੈਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ

# ਪੰਜਾਬ ਦਿਵਸ ਖੇਡਾਂ ਅਤੇ ਸੱਭਿਆਚਾਰਕ ਸਮਾਗਮ ਕਰਵਾਇਆ

☛ ਸ਼ਾਮ 4 ਵਜੇ ਤੋਂ ਸ਼ਾਮ 7 ਵਜੇ ਤੱਕ ਸੱਭਿਆਚਾਰਕ ਅਖਾੜਾ ਲਗਾਇਆ ਗਿਆ, ਜਿਸ ਵਿਚ ਪੰਜਾਬ ਦੇ ਪ੍ਰਸਿੱਧ ਗਾਇਕਾਂ ਸਰਬਜੀਤ ਚੀਮਾ, ਸਤਵਿੰਦਰ ਬਿੱਟੀ ਨੇ ਆਪਣੀ ਗਾਇਕੀ ਲੋਕਾਂ ਦਾ ਮਨੋਰੰਜਨ ਕੀਤਾ, ☛ ਪ੍ਰਸਿੱਧ ਗਾਇਕਾ ਅਮਨ ਰੋਜ਼ੀ ਦਾ ਕੀਤਾ ਗਿਆ ਵਿਸ਼ੇਸ਼ ਸਨਮਾਨ












Photography By Thakur Studio
+1-917-854-4109













# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 268

Website: www.preetnama.com Email preetnamausa@gmail.com

30 AUGUST TO 05 SEPTEMBER, 2024


## ਸੁਪਰ ਐਂਟਰਟੇਨਮੈਂਟ ਅਤੇ ਸਾਂਝਾ ਪੰਜਾਬ ਯੂ.ਐਸ.ਏ ਵੱਲੋਂ ਇੰਡੋ-ਅਮਰੀਕਨ ਵੈਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ

# ਪੰਜਾਬ ਦਿਵਸ ਖੇਡਾਂ ਅਤੇ ਸੱਭਿਆਚਾਰਕ ਸਮਾਗਮ ਕਰਵਾਇਆ

☛ ਸ਼ਾਮ 4 ਵਜੇ ਤੋਂ ਸ਼ਾਮ 7 ਵਜੇ ਤੱਕ ਸੱਭਿਆਚਾਰਕ ਅਖਾੜਾ ਲਗਾਇਆ ਗਿਆ, ਜਿਸ ਵਿਚ ਪੰਜਾਬ ਦੇ ਪ੍ਰਸਿੱਧ ਗਾਇਕਾਂ ਸਰਬਜੀਤ ਚੀਮਾ, ਸਤਵਿੰਦਰ ਬਿੱਟੀ ਨੇ ਆਪਣੀ ਗਾਇਕੀ ਲੋਕਾਂ ਦਾ ਮਨੋਰੰਜਨ ਕੀਤਾ, ☛ ਪ੍ਰਸਿੱਧ ਗਾਇਕਾ ਅਮਨ ਰੋਜ਼ੀ ਦਾ ਕੀਤਾ ਗਿਆ ਵਿਸ਼ੇਸ਼ ਸਨਮਾਨ












Photography By Thakur Studio
+1-917-854-4109

















# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 268

Website: www.preetnama.com Email preetnamausa@gmail.com

30 AUGUST TO 05 SEPTEMBER, 2024


## ਸੁਪਰ ਐਂਟਰਟੇਨਮੈਂਟ ਅਤੇ ਸਾਂਝਾ ਪੰਜਾਬ ਯੂ.ਐਸ.ਏ ਵੱਲੋਂ ਇੰਡੋ-ਅਮਰੀਕਨ ਵੈਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ

# ਪੰਜਾਬ ਦਿਵਸ ਖੇਡਾਂ ਅਤੇ ਸੱਭਿਆਚਾਰਕ ਸਮਾਗਮ ਕਰਵਾਇਆ

☛ ਸ਼ਾਮ 4 ਵਜੇ ਤੋਂ ਸ਼ਾਮ 7 ਵਜੇ ਤੱਕ ਸੱਭਿਆਚਾਰਕ ਅਖਾੜਾ ਲਗਾਇਆ ਗਿਆ, ਜਿਸ ਵਿਚ ਪੰਜਾਬ ਦੇ ਪ੍ਰਸਿੱਧ ਗਾਇਕਾਂ ਸਰਬਜੀਤ ਚੀਮਾ, ਸਤਵਿੰਦਰ ਬਿੱਟੀ ਨੇ ਆਪਣੀ ਗਾਇਕੀ ਲੋਕਾਂ ਦਾ ਮਨੋਰੰਜਨ ਕੀਤਾ, ☛ ਪ੍ਰਸਿੱਧ ਗਾਇਕਾ ਅਮਨ ਰੋਜ਼ੀ ਦਾ ਕੀਤਾ ਗਿਆ ਵਿਸ਼ੇਸ਼ ਸਨਮਾਨ





Photography By Thakur Studio
+1-917-854-4109






















# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 268

Website: www.preetnama.com Email preetnamausa@gmail.com

30 AUGUST TO 05 SEPTEMBER, 2024


## ਸੁਪਰ ਐਂਟਰਟੇਨਮੈਂਟ ਅਤੇ ਸਾਂਝਾ ਪੰਜਾਬ ਯੂ.ਐਸ.ਏ ਵੱਲੋਂ ਇੰਡੋ-ਅਮਰੀਕਨ ਵੈਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ

# ਪੰਜਾਬ ਦਿਵਸ ਖੇਡਾਂ ਅਤੇ ਸੱਭਿਆਚਾਰਕ ਸਮਾਗਮ ਕਰਵਾਇਆ

☛ ਸ਼ਾਮ 4 ਵਜੇ ਤੋਂ ਸ਼ਾਮ 7 ਵਜੇ ਤੱਕ ਸੱਭਿਆਚਾਰਕ ਅਖਾੜਾ ਲਗਾਇਆ ਗਿਆ, ਜਿਸ ਵਿਚ ਪੰਜਾਬ ਦੇ ਪ੍ਰਸਿੱਧ ਗਾਇਕਾਂ ਸਰਬਜੀਤ ਚੀਮਾ, ਸਤਵਿੰਦਰ ਬਿੱਟੀ ਨੇ ਆਪਣੀ ਗਾਇਕੀ ਲੋਕਾਂ ਦਾ ਮਨੋਰੰਜਨ ਕੀਤਾ, ☛ ਪ੍ਰਸਿੱਧ ਗਾਇਕਾ ਅਮਨ ਰੋਜ਼ੀ ਦਾ ਕੀਤਾ ਗਿਆ ਵਿਸ਼ੇਸ਼ ਸਨਮਾਨ








Photography By Thakur Studio
+1-917-854-4109








# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 268

Website: www.preetnama.com Email preetnamausa@gmail.com

30 AUGUST TO 05 SEPTEMBER, 2024


## ਸੁਪਰ ਐਂਟਰਟੇਨਮੈਂਟ ਅਤੇ ਸਾਂਝਾ ਪੰਜਾਬ ਯੂ.ਐਸ.ਏ ਵੱਲੋਂ ਇੰਡੋ-ਅਮਰੀਕਨ ਵੈਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ


# ਪੰਜਾਬ ਦਿਵਸ ਖੇਡਾਂ ਅਤੇ ਸੱਭਿਆਚਾਰਕ ਸਮਾਗਮ ਕਰਵਾਇਆ

☛ ਸ਼ਾਮ 4 ਵਜੇ ਤੋਂ ਸ਼ਾਮ 7 ਵਜੇ ਤੱਕ ਸੱਭਿਆਚਾਰਕ ਅਖਾੜਾ ਲਗਾਇਆ ਗਿਆ, ਜਿਸ ਵਿਚ ਪੰਜਾਬ ਦੇ ਪ੍ਰਸਿੱਧ ਗਾਇਕਾਂ ਸਰਬਜੀਤ ਚੀਮਾ, ਸਤਵਿੰਦਰ ਬਿੱਟੀ ਨੇ ਆਪਣੀ ਗਾਇਕੀ ਲੋਕਾਂ ਦਾ ਮਨੋਰੰਜਨ ਕੀਤਾ, ☛ ਪ੍ਰਸਿੱਧ ਗਾਇਕਾ ਅਮਨ ਰੋਜ਼ੀ ਦਾ ਕੀਤਾ ਗਿਆ ਵਿਸ਼ੇਸ਼ ਸਨਮਾਨ









Photography By Thakur Studio
+1-917-854-4109











Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 268

Website: www.preetnama.com Email preetnamausa@gmail.com

30 AUGUST TO 05 SEPTEMBER, 2024


# ਗੁਰਦੁਆਰਾ ਗੁਰੂ ਨਾਨਕ ਦਰਬਾਰ ਹਿਕਸਵਿੱਲ ਵਿਖੇ ਕਰਵਾਏ ਗਏ ਵਿਸ਼ੇਸ਼ ਦੀਵਾਨ

## ਦਮਦਮੀ ਟਕਸਾਲ ਦੇ 16ਵੇਂ ਮੁਖੀ ਸੰਤ ਬਾਬਾ ਹਰਨਾਮ ਸਿੰਘ ਜੀ ਖ਼ਾਲਸਾ ਭਿੰਡਰਾਂ ਵੱਲੋਂ ਵਿਸ਼ੇਸ਼ ਹਾਜ਼ਰੀ ਭਰੀ

ਬੀਤੇ ਦਿਨ ਮੰਗਲਵਾਰ 27 ਅਗਸਤ ਸ਼ਾਮ ਗੁਰੂ ਨਾਨਕ ਦਰਬਾਰ ਹਿਕਸਵਿੱਲ ਵਿਖੇ ਕਰਵਾਏ ਗਏ ਵਿਸ਼ੇਸ਼ ਦੀਵਾਨ ਵਿੱਚ ਦਮਦਮੀ ਟਕਸਾਲ ਦੇ 16ਵੇਂ ਮੁਖੀ ਸੰਤ ਬਾਬਾ ਹਰਨਾਮ ਸਿੰਘ ਜੀ ਖ਼ਾਲਸਾ ਭਿੰਡਰਾਂ ਵੱਲੋਂ ਵਿਸ਼ੇਸ਼ ਹਾਜ਼ਰੀ ਭਰੀ । ਜਿਸ ਵਿੱਚ ਗੁਰੂ ਨਾਨਕ ਦਰਬਾਰ ਹਿਕੱਸਵਿਲ ਦੀ ਸਮੁੱਚੀ ਪ੍ਰਬੰਧਕ ਕਮੇਟੀ ਅਤੇ ਗੁਰੂ ਨਾਨਕ ਦਰਬਾਰ ਦੀਆਂ ਸਮੂਹ ਸੰਗਤਾਂ ਵੱਲੋਂ ਬਹੁਤ ਗਰਮ ਜੋਸ਼ੀ ਨਾਲ ਸਵਾਗਤ ਕਰਦਿਆਂ ਜੀ ਆਇਆਂ ਕੀਤਾ ਗਿਆ ।

ਗੁਰਸਥਾਨ ਵਿਖੇ ਸਜਾਏ ਗਏ ਵਿਸ਼ੇਸ ਦੀਵਾਨ ਵਿੱਚ ਹਾਜ਼ਰੀ ਭਰਦਿਆਂ , ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਸ੍ਰ ਹਰਚਰਨ ਸਿੰਘ ਗੁਲਾਟੀ ਮੁਸਾਫਿਰ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਬਣੀ ਹੋਈ ਦਮਦਮੀ ਟਕਸਾਲ ਦੀਆਂ ਸੇਵਾਵਾਂ ਅਤੇ ਪੰਥ ਲਈ ਸ਼ਹਾਦਤਾਂ ਦਾ ਵਿਸਥਾਰ ਨਾਲ ਜ਼ਿਕਰ ਕਰਦੇ ਹੋਇਆ ਸੰਤ ਬਾਬਾ ਹਰਨਾਮ ਸਿੰਘ ਜੀ ਅਤੇ ਉਹਨਾਂ ਦੇ ਨਾਲ ਆਈਆਂ ਸੰਗਤਾਂ ਦਾ ਜੈਕਾਰਿਆਂ ਦੀ ਗੂੰਜ ਵਿੱਚ ਇਸਤਕਬਾਲ ਕੀਤਾ । ਪ੍ਰਧਾਨ ਸ੍ਰ ਬਲਬੀਰ ਸਿੰਘ ਜੀ ਨੇ ਬੋਲਦਿਆਂ ਸੋ ਨਿਹਾਲ ਦੇ ਜੈਕਾਰਿਆਂ ਨਾਲ ਸੰਤ ਬਾਬਾ ਹਰਨਾਮ ਸਿੰਘ ਜੀ ਨੂੰ ਸੰਗਤਾਂ ਦੇ ਸੰਬੋਧਨ ਲਈ ਸਟੇਜ ਤੇ ਬੁਲਾਇਆ । ਬਾਬਾ ਜੀ ਨੇ ਅਫ਼ਗਾਨਿਸਤਾਨ ਦੇ ਕਾਬਲ,ਕੰਧਾਰ,ਬਲਖ,ਗਜਨੀ ਦੇ ਸੰਮੂਹ ਸਿੱਖ ਸੰਗਤਾਂ ਦਾ ਗੁਰੂ ਸਾਹਿਬਾਨਾਂ ਦੇ ਸਮੇਂ ਜ਼ਿਕਰ ਕਰਦਿਆਂ ਕਈ ਇਤਿਹਾਸਿਕ ਸਾਖੀਆਂ ਅਤੇ ਸੇਵਾਵਾਂ ਦਾ ਜ਼ਿਕਰ ਕੀਤਾ ਦੱਸਿਆ ਕੇ ਜਿੱਥੇ ਕਾਬਲ ਦੀਆਂ ਸੰਗਤਾਂ ਸੇਵਾ ਰਾਹੀ ਕੀਮਤੀ ਦੁਸ਼ਾਲੇ ਘੋੜੇ ਤੇ ਹਥਿਆਰ ਗੁਰੂ ਜੀ ਦੇ ਭੇਟਾ ਕਰਨ ਲਈ ਪੰਜਾਬ ਆਉਂਦੇ ਸਨ ਉੱਥੇ ਗੁਰੂ ਸਾਹਿਬਾਨ ਵੀ ਕਾਬਲ ਦੀ ਸੰਗਤ ਨੂੰ ਬਹੁਤ ਪਿਆਰ ਤੇ ਸਤਿਕਾਰ ਕਰਦੇ ਰਹਿੰਦੇ ਸਨ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸੰਮਤ ੧੭੫੬ ਨੂੰ ਕਾਬੁਲ ਦੀ ਸੰਗਤ ਲਈ ਹੁਕਮਨਾਮਾ ਦਾ ਵਿਸਥਾਰ ਨਾਲ ਦੱਸਿਆ। ਉਪ੍ਰੰਤ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਕੁਲਦੀਪ ਸਿੰਘ ਜੀ ਅਤੇ ਪ੍ਰਬੰਧਕ ਕਮੇਟੀ ਵੱਲੋਂ ਸੰਤ ਬਾਬਾ ਹਰਨਾਮ ਸਿੰਘ ਜੀ ਅਤੇ ਉਹਨਾਂ ਨਾਲ ਆਏ ਹੋਏ ਸੱਜਣਾਂ ਨੂੰ ਸਿਰੋਪਾਓ ਰਾਹੀਂ ਸਨਮਾਨਿਤ ਕੀਤਾ ਗਿਆ।











# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 268

Website: www.preetnama.com Email preetnamausa@gmail.com

30 AUGUST TO 05 SEPTEMBER, 2024


**Long Island Indo American Lions Club partcipated in the Community school supplies and Back Packs Give away with Supervisor Joe Saladino & Town of Oysterbay under the leadership of President Anju Sharma .Sr Vice president Kanak Golia Vice President Mukesh Ranu Secretary Hargovind Gupta Project chairs Yogini Oza ,Sheela Shah ,Nimesh Shah club members Prabha Golia, Dr Asha Jain.Pradeep Parikh,Vijay Khanna ,Neeti Shah,Sandeep Khatri,Usha Vazarani,Komal Chabbria participated in this project .coupons for Free Slurpees from 7 eleven were also distributed By Nimesh Shah. Giving a child an opportunity to Education is the most important investment we can make .we are grateful to our Sponsors for their generous donations. Their support helps us to serve the community and ensure tue brighter future for some one.**




























Preetnama
ਪ੍ਰੀਤਨਾਮਾ
ਖਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 268
Website: www.preetnama.com Email preetnamausa@gmail.com
30 AUGUST TO 05 SEPTEMBER, 2024

**Humanity First & Event Master donated School Supplies and school bag to all Hicksville Schools on Friday August 29th , 2024 . Team said Giving a child an opportunity to Education is the most important investment we can make . Humanity First & Event Master Organizations always try to give their best service to community . Organizers said we are grateful to our team for their help their support helps us to serve the community and ensure tue brighter future for some one. Kids were so happy after got school bag and books**














# Trump wouldn't back national abortion ban if elected president: JD Vance

Republican vice presidential candidate JD Vance says Donald Trump would not support a national abortion ban if elected president and would veto such legislation if it landed on his desk.

ìI can absolutely commit that,î Vance said when asked on NBCís ìMeet the Pressî whether he could commit to Trump not imposing such a ban.

ìDonald Trumpís view is that we want the individual states and their individual cultures and their unique political sensibilities to make these decisions because we donít want to have a nonstop federal conflict over this issue.î

The Ohio senator also insisted that Trump, the former president who is the Republican nominee this year, would veto such legislation if it were passed by Congress.

ìI mean, if youíre not supporting it as the President of the United States, you fundamentally have to veto it,î he said in an interview that aired Sunday.

Vanceís comments come after Democrats spent night after night of their national convention in Chicago last week assailing Trump for his role in appointing the Supreme Court Justices who overturned Roe v.

Wade, ending the constitutional right to abortion in the United States and paving the way for bans and restrictions across Republican-led states.

But efforts to neutralise an issue that Democrats hope will galvanise voters this fall also risk alienating parts of Trumpís base opposed to abortion rights.

ìGod have mercy on this nation if this is now the position of what was the Pro-Life Party,î wrote Family Research Council president Tony Perkins in a post Sunday linking to a story on Vanceís comments.

While Trump has repeatedly boasted about his role in overturning Roe, he has, in recent days, pushed back on Democratsí warnings that he will go even further to restrict access if he wins a second term.

ìMy Administration will be great for women and their reproductive rights,î he wrote Friday on his Truth Social platform, appropriating language used by abortion rights activists and the left.

His comments drew a wave of criticism from anti-abortion advocates, including the editor of the conservative National Review, which published an article titled ìTrumpís Abandonment of Pro-Lifers Is Complete.î

Trump repeated his claim hours later at an event in Las Vegas.

ìIím very strong on womenís



reproductive rights. The IVF (in vitro fertilization), very strong. I mean, weíre leaders in it. And I think people are seeing that,î he told reporters.

Democrats have responded to Trump with deep scepticism.

ìAmerican women are not stupid, and we are not going to trust the futures of our daughters and granddaughters to two men who have openly bragged about blocking access to abortion for women all across this country,î said Massachusetts Sen. Elizabeth Warren told NBC.

Trump ally Senator Lindsey Graham, R-S.C., brushed off a question asking how Trump would be ìgreatî on reproductive rights.

# ਕੈਨੇਡਾ ਵਿਚ ਅਸਥਾਈ ਨੌਕਰੀ ਕਰਨ ਵਾਲੇ ਵਿਦੇਸ਼ੀਆਂ ਦੀ ਗਿਣਤੀ ਘਟਾਉਣ ਦਾ ਐਲਾਨ



ਟੋਰਾਂਟੋ- ਕੈਨੇਡਾ ਦੀ ਟਰੂਡੋ ਸਰਕਾਰ ਨੇ ਕੈਨੇਡਾ ਵਿਚ ਅਸਥਾਈ ਨੌਕਰੀ ਕਰਨ ਵਾਲੇ ਵਿਦੇਸ਼ੀਆਂ ਦੀ ਗਿਣਤੀ ਘਟਾਉਣ ਦਾ ਐਲਾਨ ਕਰ ਦਿੱਤਾ ਹੈ। ਇਸ ਫ਼ੈਸਲੇ ਦਾ ਅਸਰ ਘੱਟ ਤਨਖ਼ਾਹ ਤੇ ਕੰਮ ਕਰਨ ਵਾਲਿਆਂ ਅਤੇ ਅਸਥਾਈ ਨੌਕਰੀ ਕਰਨ ਵਾਲੇ ਲੱਖਾਂ ਵਿਦੇਸ਼ੀਆਂ ਤੇ ਪਵੇਗਾ, ਜਿਨ੍ਹਾਂ ਵਿਚ ਸਭ ਤੋਂ ਵੱਡੀ ਗਿਣਤੀ ਭਾਰਤੀ ਵਿਦਿਆਰਥੀਆਂ ਦੀ ਹੈ। ਮਾਹਰਾਂ ਦਾ ਮੰਨਣਾ ਹੈ ਕਿ ਟਰੂਡੋ ਦੇ ਇਸ ਫ਼ੈਸਲੇ ਨਾਲ ਪ੍ਰਵਾਸੀਆਂ ਵਿਚਾਲੇ ਬੇਰੋਜ਼ਗਾਰੀ ਵਧੇਗੀ।

ਟਰੂਡੋ ਨੇ ਐਕਸ ਤੇ ਪੋਸਟ ਕਰਦਿਆਂ ਲਿਖਿਆ ਕਿ ਲੇਬਰ ਮਾਰਕੀਟ ਬਦਲ ਗਈ ਹੈ। ਅਸੀਂ ਕੈਨੇਡਾ ਵਿਚ ਘੱਟ ਤਨਖ਼ਾਹ ਵਾਲੇ ਵਿਦੇਸ਼ੀ ਕਾਮਿਆਂ ਦੀ ਗਿਣਤੀ ਘਟਾਉਣ ਜਾ ਰਹੇ ਹਾਂ। ਹੁਣ ਸਮਾਂ ਆ ਗਿਆ ਹੈ ਕਿ ਸਾਡੇ ਬਿਜ਼ਨੈੱਸਮੈਨ ਕੈਨੇਡਾ ਦੇ ਕਾਮਿਆਂ ਤੇ ਨੌਜਵਾਨਾਂ ਤੇ ਨਿਵੇਸ਼ ਕਰਨ।

ਦੱਸ ਦਈਏ ਕਿ ਕੈਨੇਡਾ ਸਰਕਾਰ ਨੇ ਕੋਵਿਡ-19 ਮਗਰੋਂ ਕਾਮਿਆਂ ਦੀ ਘਾਟ ਦੀ ਸਮੱਸਿਆ ਨੂੰ ਦੂਰ ਕਰਨ ਲਈ ਕੁਝ ਨਿਯਮਾਂ ਵਿਚ ਛੋਟ ਦਿੱਤੀ ਸੀ, ਜਿਸ ਕਰਕੇ ਵਿਦੇਸ਼ੀ ਕਾਮਿਆਂ - ਖ਼ਾਸ ਤੌਰ 'ਤੇ ਘੱਟ ਤਨਖ਼ਾਹ ਵਾਲੇ ਵਰਕਰਾਂ ਦੀ ਤਾਦਾਦ ਬਹੁਤ ਵਧ ਗਈ ਸੀ। ਟ੍ਰੂਡੋ ਨੇ ਕਿਹਾ ਕਿ ਰੁਜ਼ਗਾਰਦਾਤਾ ਉੱਚ ਬੇਰੁਜ਼ਗਾਰੀ ਵਾਲੇ ਖੇਤਰਾਂ, ਯਾਨੀ ਜਿੱਥੇ ਬੇਰੁਜ਼ਗਾਰੀ ਦਰ 6 ਫ਼ੀਸਦੀ ਜਾਂ ਇਸ ਤੋਂ ਵੱਧ ਹੈ - ਵਿਚ ਘੱਟ ਤਨਖਾਹ ਵਾਲੇ ਅਸਥਾਈ ਵਿਦੇਸ਼ੀ ਕਾਮਿਆਂ (TFWs) ਨੂੰ ਭਰਤੀ ਕਰਨ ਦੇ ਯੋਗ ਨਹੀਂ ਹੋਣਗੇ। ਹਾਲਾਂਕਿ ਭੋਜਨ ਸੁਰੱਖਿਆ ਖੇਤਰਾਂ ਜਿਵੇਂ ਖੇਤੀਬਾੜੀ, ਫ਼ੂਡ ਪ੍ਰੋਸੈਸਿੰਗ ਅਤੇ ਮੱਛੀ ਪਾਲਣ ਅਤੇ ਨਾਲ ਹੀ ਉਸਾਰੀ ਅਤੇ ਹੈਲਥ ਕੇਅਰ ਵਰਗੇ ਖੇਤਰਾਂ ਜਿੱਥੇ ਸਟਾਫ ਦੀ ਅਜੇ ਵੀ ਗੰਭੀਰ ਘਾਟ ਹੈ, ਵਿਚ ਸੀਮਤ ਛੋਟਾਂ ਹੋਣਗੀਆਂ।

ਇਕ ਹੋਰ ਉਲਟਫੇਰ ਕਰਦਿਆਂ ਸਰਕਾਰ ਨੇ ਕਿਹਾ ਕਿ ਰੁਜ਼ਗਾਰਦਾਤਾਵਾਂ ਨੂੰ ਹੁਣ ਆਪਣੇ ਕੁੱਲ ਵਰਕਰਾਂ ਦੇ 10 ਪ੍ਰਤੀਸ਼ਤ ਤੋਂ ਵੱਧ ਕਾਮੇ TFW ਰਾਹੀਂ ਰੱਖਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਨਾਲ ਹੀ, ਘੱਟ ਤਨਖ਼ਾਹ ਵਾਲੇ TFW ਲਈ ਕਾਂਟਰੈਕਟ ਵੀ ਦੋ ਸਾਲ ਤੋਂ ਘਟ ਕੇ ਇਕ ਸਾਲ ਲਈ ਹੋਇਆ ਕਰੇਗਾ।

# ਟਰੂਡੋ ਨੂੰ ਝਟਕਾ, ਕੈਨੇਡਾ ਦੇ ਮੁਸਲਮਾਨ ਆਗੂਆਂ ਵੱਲੋਂ ਮੁਲਾਕਾਤ ਤੋਂ ਇਨਕਾਰ

ਮਾਂਟਰੀਅਲ : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਭਾਰੀ ਨਮੋਸ਼ੀ ਝੱਲਣੀ ਪਈ ਜਦੋਂ ਕੈਨੇਡੀਅਨ ਮੁਸਲਮਾਨ ਭਾਈਚਾਰੇ ਦੇ ਆਗੂਆਂ ਨੇ ਉਨ੍ਹਾਂ ਨਾਲ ਮੁਲਾਕਾਤ ਕਰਨ ਤੋਂ ਸਾਫ਼ ਨਾਂਹ ਕਰ ਦਿੱਤੀ। ਇਸ ਕਾਰਨ ਕਿਊਬਿਕ ਦੇ ਲਾਸਾਲ ਇਲਾਕੇ ਵਿਚ ਹੋਣ ਵਾਲੀ ਜ਼ਿਮਨੀ ਚੋਣ ਦੇ ਮੱਦੇਨਜ਼ਰ ਮੁਸਲਮਾਨ ਆਗੂਆਂ ਨਾਲ ਰੱਖੀ ਮੀਟਿੰਗ ਆਖਰਕਾਰ ਰੱਦ ਕਰਨੀ ਪਈ। ਸੀ.ਬੀ.ਸੀ. ਦੀ ਰਿਪੋਰਟ ਮੁਤਾਬਕ ਨੈਸ਼ਨਲ ਕੌਂਸਲ ਆਫ ਕੈਨੇਡੀਅਨ ਮੁਸਲਿਮਜ਼ ਨੇ ਕਿਹਾ ਕਿ ਗਾਜ਼ਾ ਦੇ ਹਾਲਾਤ ਅਤੇ ਕੈਨੇਡਾ ਵਿਚ ਲਗਾਤਾਰ ਵੱਧ ਰਹੇ ਇਸਲਾਮੋਫੋਬੀਆ ਦੇ ਮੱਦੇਨਜ਼ਰ ਭਾਈਚਾਰੇ ਦੇ ਜ਼ਿਆਦਾਤਰ ਮੈਂਬਰ ਗੁੱਸੇ ਵਿਚ ਹਨ ਅਤੇ ਉਨ੍ਹਾਂ ਦਾ ਮੰਨਣਾ ਹੈ ਕਿ ਸਰਕਾਰ ਇਨ੍ਹਾਂ ਮਸਲਿਆਂ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ। ਫਿਲਹਾਲ ਇਹ ਪਤਾ ਨਹੀਂ ਲੱਗ ਸਕਿਆ ਕਿ ਕਿੰਨੇ ਆਗੂਆਂ ਨੂੰ ਸੱਦਿਆ ਗਿਆ ਸੀ। ਸੂਤਰਾਂ ਨੇ ਦੱਸਿਆ ਕਿ ਲਵਾਲ-ਲੈਸ-ਈਲ ਤੋਂ ਐਮ.ਪੀ. ਫਾਇਕਲ ਅਲ ਖਾਉਰੀ ਵੱਲੋਂ ਮੀਟਿੰਗ ਵਿਚ ਸ਼ਾਮਲ ਹੋਣ ਲਈ ਜ਼ੁਬਾਨੀ ਸੱਦੇ ਭੇਜੇ ਗਏ ਸਨ। ਮਹਿਮਾਨਾਂ ਨੂੰ ਲਵਾਲ ਦੇ ਸ਼ੈਟੂ ਰਾਯਲ ਹਾਲ ਵਿਚ ਬੁੱਧਵਾਰ ਨੂੰ ਬਾਅਦ ਦੁਪਹਿਰ ਤਿੰਨ ਵਜੇ ਮੀਟਿੰਗ ਵਾਸਤੇ ਸੱਦਿਆ ਗਿਆ ਸੀ। ਮੁਸਲਮਾਨ ਆਗੂਆਂ ਵੱਲੋਂ ਟਰੂਡੋ ਨਾਲ ਮੁਲਾਕਾਤ ਤੋਂ ਇਨਕਾਰ ਪ੍ਰਧਾਨ ਮੰਤਰੀ ਟਰੂਡੋ ਦੀ ਆਮਦ ਬਾਰੇ ਪਤਾ ਲਗਦਿਆਂ ਹੀ ਫਲਸਤੀਨ ਹਮਾਇਤੀ ਹਾਲ ਦੇ ਬਾਹਰ ਇਕੱਤਰ ਹੋਣੇ ਸ਼ੁਰੂ ਹੋ ਗਏ। ਲਾਵਾਲ ਪੁਲਸ ਦੀ ਤਰਜਮਾਨ ਸਟੈਫਨੀ ਨੇ ਦੱਸਿਆ ਕਿ ਭੀੜ ਨੂੰ ਖਿੰਡਾਉਣ ਲਈ ਵੱਡੀ ਗਿਣਤੀ ਵਿਚ ਪੁਲਸ ਅਫਸਰਾਂ ਨੂੰ ਮੌਕੇ 'ਤੇ ਭੇਜਿਆ ਗਿਆ। ਪੁਲਸ ਨੇ ਇਸ ਗੱਲ ਦੀ ਤਸਦੀਕ ਕਰ ਦਿੱਤੀ ਕਿ ਹਾਲ ਵਿਚ ਪ੍ਰਧਾਨ ਮੰਤਰੀ ਟਰੂਡੋ ਵੱਲੋਂ ਮੀਟਿੰਗ ਕੀਤੀ ਜਾਣੀ ਸੀ ਪਰ ਇਹ ਰੱਦ ਹੋ ਗਈ। ਉਧਰ ਪ੍ਰਧਾਨ ਮੰਤਰੀ ਦਫ਼ਤਰ ਨੇ ਇਸ ਮੁੱਦੇ 'ਤੇ ਕੋਈ ਵੀ ਟਿੱਪਣੀ ਕਰਨ ਤੋਂ ਨਾਂਹ ਕਰ ਦਿਤੀ ਅਤੇ ਕਿਹਾ ਕਿ ਜਸਟਿਨ ਟਰੂਡੋ ਮੱਧ ਪੂਰਬ ਵਿਚ ਚੱਲ ਰਹੇ ਸੰਕਟ ਬਾਰੇ ਅਹਿਮ ਵਿਚਾਰ ਵਟਾਂਦਰਾ ਕਰਨ ਲਈ ਵਚਨਬੱਧ ਹਨ।

ਇਸੇ ਦੌਰਾਨ ਮੀਟਿੰਗ ਵਿਚ ਸੱਦੇ ਗਏ ਇਮਾਮ ਹਸਨ ਗਿਲਟ ਨੇ ਦੋਸ਼ ਲਾਇਆ ਕਿ ਟਰੂਡੋ ਸਰਕਾਰ ਕੈਨੇਡੀਅਨ ਕਦਰਾਂ-ਕੀਮਤਾਂ ਮੁਤਾਬਕ ਆਪਣਾ ਸਟੈਂਡ ਜ਼ਾਹਰ ਕਰਨ ਤੋਂ ਝਿਜਕਦੀ ਰਹੀ ਅਤੇ ਮਾਸੂਮ ਜਾਨਾਂ ਬਚਾਉਣ ਲਈ ਕੌਮਾਂਤਰੀ ਕਾਨੂੰਨ ਦੀ ਪਾਲਣਾ ਵੀ ਨਾ ਕੀਤੀ ਗਈ।

ਕਿਊਬਿਕ ਵਿਚ ਜ਼ਿਮਨੀ ਚੋਣ ਦੇ ਮੱਦੇਨਜ਼ਰ ਰੱਖੀ ਮੀਟਿੰਗ ਕਰਨੀ ਪਈ ਰੱਦ

ਮੁਸਲਮਾਨ ਭਾਈਚਾਰੇ ਵਿਚ ਬੇਹੱਦ ਨਾਰਾਜ਼ਗੀ ਹੈ। ਇੱਥੇ ਦੱਸਣਾ ਬਣਦਾ ਹੈ ਕਿ ਟਰੂਡੋ ਸਰਕਾਰ ਵੱਲੋਂ ਇਜ਼ਰਾਈਲ ਅਤੇ ਹਮਾਸ ਵਿਚ ਚੱਲ ਰਿਹਾ ਖ਼ੂਨੀ ਟਕਰਾਅ ਰੋਕਣ ਲਈ ਮਨੁੱਖਤਾ ਦੇ ਆਧਾਰ 'ਤੇ ਗੋਲੀਬੰਦੀ ਦਾ ਸੱਦਾ ਦਿਤਾ ਜਾ ਰਿਹਾ ਹੈ। ਉਧਰ ਇਮਾਮ ਹਸਨ ਗਿਲਟ ਸਿਆਸਤ ਵਿਚ ਕਿਸਮਤ ਅਜ਼ਮਾ ਚੁੱਕੇ ਹਨ ਅਤੇ 2019 ਵਿਚ ਲਿਬਰਲ ਪਾਰਟੀ ਵੱਲੋਂ ਚੋਣ ਲੜ ਰਹੇ ਸਨ ਪਰ ਹਮਾਸ ਨਾਲ ਸਬੰਧਤ ਇਕ ਕਾਰਕੁੰਨ ਦੀ ਸ਼ਲਾਘਾ ਕੀਤੇ ਜਾਣ ਦੇ ਦੋਸ਼ਾਂ ਮਗਰੋਂ ਉਨ੍ਹਾਂ ਦੀ ਉਮੀਦਵਾਰ ਰੱਦ ਕਰ ਦਿਤੀ ਗਈ। ਕੈਨੇਡਾ ਦੇ ਸਾਬਕਾ ਨਿਆਂ ਮੰਤਰੀ ਡੇਵਿਡ ਲਾਮੇਟੀ ਵੱਲੋਂ ਸਿਆਸਤ ਤੋਂ ਸੰਨਿਆਸ ਲੈਣ ਕਾਰਨ ਖਾਲੀ ਹੋਈ ਲਾਸਾਲ-ਇਮਾਰਡ-ਵਰਡਨ ਪਾਰਲੀਮਾਨੀ ਸੀਟ 'ਤੇ ਸਤੰਬਰ ਵਿਚ ਜ਼ਿਮਨੀ ਚੋਣ ਹੋਣੀ ਹੈ। ਭਾਵੇਂ ਮਾਂਟਰੀਅਲ ਨੂੰ ਲਿਬਰਲ ਪਾਰਟੀ ਦਾ ਗੜ੍ਹ ਮੰਨਿਆ ਜਾਦਾ ਹੈ ਪਰ ਇਸ ਵਾਰ ਐਨ.ਡੀ.ਪੀ. ਅਤੇ ਬਲੌਕ ਕਿਊਬਿਕ ਦੋਵੇਂ ਪਾਰਟੀਆਂ ਆਪਣਾ ਹੱਥ ਉਪਰ ਹੋਣ ਦਾ ਦਾਅਵਾ ਕਰ ਰਹੀਆਂ ਹਨ। ਲਿਬਰਲ ਪਾਰਟੀ ਟੋਰਾਂਟੋ-ਸੇਂਟ ਪੌਲ ਰਾਈਡਿੰਗ 'ਤੇ ਹੋਈ ਹਾਰ ਨੂੰ ਹੁਣ ਤੱਕ ਭੁੱਲੀ ਨਹੀਂ ਅਤੇ ਕੌਮੀ ਪੱਧਰ 'ਤੇ ਵੀ ਜਸਟਿਨ ਟਰੂਡੋ ਨੂੰ ਨਾਪਸੰਦ ਕਰਨ ਵਾਲਿਆਂ ਦੀ ਗਿਣਤੀ ਕਾਫੀ ਜ਼ਿਆਦਾ ਵਧ ਚੁੱਕੀ ਹੈ। 2021 ਦੀ ਮਰਦਮਸ਼ੁਮਾਰੀ ਮੁਤਾਬਕ ਲਾਸਾਲ ਹਲਕੇ ਵਿਚ ਮੁਸਲਮਾਨਾਂ ਦੀ ਆਬਾਦੀ ਪੰਜ ਫ਼ੀਸਦੀ ਦੇ ਨੇੜੇ ਤੇੜੇ ਬਣਦੀ ਹੈ।

# ਕੈਨੇਡਾ ਵਿੱਚ ਮਾਲ ਗੱਡੀਆਂ (ਰੇਲਾਂ) ਦੇ ਬੰਦ ਹੋਣ ਨਾਲ ਅਰਥ-ਵਿਵਸਥਾ ਵਿਗੜਨ ਦੇ ਅਸਾਰ

ਟੋਰਾਂਟੋ- ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਹੈ ਕਿ ਕੈਨੇਡੀਅਨ ਨੈਸ਼ਨਲ ਰੇਲਵੇ ਅਤੇ ਰੇਲਵੇ ਕੰਪਨੀਆਂ ਅਤੇ ਯੂਨੀਅਨਾਂ ਨੂੰ ਇਕ ਸਮਝੌਤੇ 'ਤੇ ਪਹੁੰਚਣ, ਤਾਂ ਕਿ ਮਾਲ ਗਡੀਆਂ ਦੇ ਢੋਆ - ਢੁਆਈ ਤੇ ਪੈਂਦੀਆਂ ਸਮਸਿਆਵਾਂ ਤੋਂ ਬਚਿਆ ਜਾ ਸਕੇ।ਜੇਕਰ ਯੂਨੀਅਨ ਅਤੇ ਕੰਪਨੀਆਂ ਵਿਚਾਰਧਾਰਾ 'ਤੇ ਸਹਿਮਤ ਨਹੀਂ ਹੁੰਦੀਆਂ, ਤਾਂ ਹੜਤਾਲ ਦੇ ਸ਼ੁਰੂ ਹੋਣ ਦੀ ਸੰਭਾਵਨਾ ਹੈ। ਇਸ ਹੜਤਾਲ ਨਾਲ ਰੋਜ਼ਾਨਾ ਕਰੀਬ 1 ਬਿਲੀਅਨ ਡਾਲਰ ਦੀ ਮਾਲ ਦੀ ਆਵਾਜਾਈ ਠੱਪ ਹੋ ਸਕਦੀ ਹੈ, ਜੋ ਕੈਨੇਡਾ ਦੀ ਆਰਥਿਕਤਾ 'ਤੇ ਵਡਾ ਅਸਰ ਪਾ ਸਕਦੀ ਹੈ।ਪ੍ਰਧਾਨ ਮੰਤਰੀ ਟ੍ਰੂਡੋ ਨੇ ਦੋਵੇਂ ਧਿਰਾਂ ਨੂੰ ਕਿਹਾ ਹੈ ਕਿ ਉਹ ਕੈਨੇਡੀਅਨਜ਼ ਅਤੇ ਕਾਰੋਬਾਰਾਂ ਦੇ ਹਿਤ ਵਿਚ ਗਲਬਾਤ ਜਾਰੀ ਰਖਣ। ਇਸ ਤੋਂ ਇਲਾਵਾ, ਕੈਨੇਡੀਅਨ ਚੈਂਬਰ ਆਫ਼ ਕਾਮਰਸ ਅਤੇ ਹੋਰ ਵਪਾਰ ਸੰਸਥਾਵਾਂ ਨੇ ਵੀ ਮਾਲ ਗਡੀਆਂ ਦੀ ਆਵਾਜਾਈ ਨੂੰ ਬਣਾਈ ਰਖਣ ਲਈ ਤੁਰੰਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਲੇਬਰ ਮੰਤਰੀ ਸਟੀਵਨ ਮੈਕਕਿਨਨ ਨੇ ਰੇਲਵੇ ਕੰਪਨੀਆਂ ਦੇ ਮਾਲਕਾਂ ਦੀ ਬਾਈਡਿੰਗ ਆਰਬਿਟ੍ਰੇਸ਼ਨ ਲਈ ਕੀਤੀ ਬੇਨਤੀ ਨੂੰ ਰਦ ਕਰ ਦਿਤਾ ਹੈ ਅਤੇ ਪਾਰਟੀਆਂ ਨੂੰ ਗਲਬਾਤ ਦੁਆਰਾ ਹਲ ਲਭਣ ਦੀ ਅਪੀਲ ਕੀਤੀ ਹੈ। ਯੂਨੀਅਨ ਕਾਮੀਆਂ ਲਈ ਬਿਹਤਰ ਉਜਰਤਾਂ ਅਤੇ ਕੰਮ ਦੀਆਂ ਸਥਿਤੀਆਂ ਦੀ ਮੰਗ ਕਰ ਰਹੀ ਹੈ, ਜਦਕਿ ਕੰਪਨੀਆਂ ਦਾਅਵਾ




ਕਰਦੀਆਂ ਹਨ ਕਿ ਉਹ ਸੁਰਖਿਆ ਨਿਯਮਾਂ ਦੀ ਪਾਲਣਾ ਕਰ ਰਹੀਆਂ ਹਨ।ਫੈਡਰਲ ਸਰਕਾਰ ਦੇ ਕੋਲ ਬਾਈਡਿੰਗ ਆਰਬਿਟ੍ਰੇਸ਼ਨ ਦਾ ਆਦੇਸ਼ ਦੇਣ ਦੀ ਸ਼ਕਤੀ ਹੈ, ਜਿਸ ਨਾਲ ਇਕ ਸਮਝੌਤਾ ਤਿਆਰ ਕੀਤਾ ਜਾ ਸਕਦਾ ਹੈ। ਲੇਬਰ ਮੰਤਰੀ ਨੇ ਦੋਵੇਂ ਧਿਰਾਂ ਨੂੰ ਗਲਬਾਤ ਰਾਹੀਂ ਮਸਲੇ ਦਾ ਹਲ ਲਭਣ ਦੀ ਤਾਕੀਦ ਕੀਤੀ ਹੈ।ਐਨਡੀਪੀ ਲੀਡਰ ਜਗਮੀਤ ਸਿੰਘ ਨੇ ਲਿਬਰਲ ਸਰਕਾਰ ਨੂੰ ਇਸ ਵਿਵਾਦ ਤੋਂ ਪਾਸੇ ਰਹਿਣ ਦੀ ਅਪੀਲ ਕੀਤੀ ਹੈ, ਜਿਸ ਨਾਲ ਇਸ ਗਲਬਾਤ ਦਾ ਅਦਾਰਾ ਹੈ ਕਿ ਸਰਕਾਰ ਯੂਨੀਅਨਾਂ ਦੇ ਹਿਤਾਂ ਨੂੰ ਧਿਆਨ ਵਿਚ ਰਖ ਰਹੀ ਹੈ। ਮੌਜੂਦਾ ਲਿਬਰਲ ਸਰਕਾਰ ਨੇ ਪਿਛਲੇ ਕੁਝ ਵਿਵਾਦਾਂ ਦੌਰਾਨ ਬਾਇੰਡਿੰਗ ਆਰਬਿਟ੍ਰੇਸ਼ਨ ਵਰਗੇ ਕਦਮ ਚੁਕਣ ਵਿਚ ਘਟ ਦਿਲਚਸਪੀ ਦਿਖਾਈ ਹੈ ਅਤੇ ਧਿਰਾਂ ਵਲੋਂ ਆਪਸੀ ਗਲਬਾਤ ਰਾਹੀਂ ਮਸਲਾ ਹਲ ਕਰਨ 'ਤੇ ਧਿਆਨ ਦੇਣ ਨੂੰ ਤਰਜੀਹ ਦਿਤੀ ਹੈ। ਇਕ ਗੁੰਝਲਦਾਰ ਕਾਰਨ ਇਹ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟ੍ਰੂਡੋ ਦੀ ਸਰਕਾਰ ਐਨਡੀਪੀ ਦੇ ਸਮਰਥਨ ਕਰਕੇ ਸੱਤਾ ਵਿਚ ਟਿਕੀ ਹੋਈ ਹੈ ਅਤੇ ਐਨਡੀਪੀ ਨੂੰ ਰਵਾਇਤੀ ਤੌਰ 'ਤੇ ਯੂਨੀਅਨਾਂ ਦਾ ਮਜ਼ਬੂਤ ਸਮਰਥਨ ਪ੍ਰਾਪਤ ਹੈ। ਕੈਨੇਡੀਅਨ ਚੈਂਬਰ ਆਫ਼ ਕਾਮਰਸ ਅਤੇ ਹੋਰ ਕਾਰੋਬਾਰੀਆਂ ਨੇ ਫੈਡਰਲ ਸਰਕਾਰ ਤੋਂ ਮਾਲ ਗਡੀਆਂ ਦੀ ਆਵਾਜਾਈ ਨੂੰ ਬਹਾਲ ਰਖਣ ਲਈ ਤੁਰੰਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

# ਕੈਨੇਡਾ ਚ ਭਾਰਤੀ ਵਿਦਿਆਰਥੀਆਂ ਨੂੰ ਡਿਪੋਰਟ ਹੋਣ ਦਾ ਖਤਰਾ, ਨਵੀਂ ਨੀਤੀ ਖ਼ਿਲਾਫ਼ ਸੜਕਾਂ ਤੇ ਉਤਰੇ

ਟੋਰਾਂਟੋ- ਕੈਨੇਡਾ ਵਿੱਚ ਸੈਂਕੜੇ ਭਾਰਤੀ ਵਿਦਿਆਰਥੀਆਂ ਨੇ ਨਵੀਂ ਫੈਡਰਲ ਨੀਤੀ ਖ਼ਿਲਾਫ਼ ਪ੍ਰਦਰਸ਼ਨ ਕੀਤਾ। ਦਰਅਸਲ ਇਸ ਨੀਤੀ ਕਾਰਨ ਕੈਨੇਡਾ ਵਿੱਚ ਪੜ੍ਹ ਰਹੇ ਵਿਦੇਸ਼ੀ ਵਿਦਿਆਰਥੀਆਂ ਨੂੰ ਦੇਸ਼ ਨਿਕਾਲੇ ਦਾ ਖਤਰਾ ਹੈ ਅਤੇ ਇਸ ਦਾ ਸਭ ਤੋਂ ਵੱਧ ਅਸਰ ਭਾਰਤੀ ਵਿਦਿਆਰਥੀਆਂ ਤੇ ਪਵੇਗਾ। ਦਰਅਸਲ ਕੈਨੇਡੀਅਨ ਸਰਕਾਰ ਨੇ ਹਾਲ ਹੀ ਵਿੱਚ ਆਪਣੀ ਇਮੀਗ੍ਰੇਸ਼ਨ ਨੀਤੀ ਵਿੱਚ ਕੁਝ ਬਦਲਾਅ ਕੀਤੇ ਹਨ। ਇਨ੍ਹਾਂ ਤਬਦੀਲੀਆਂ ਕਾਰਨ 70 ਹਜ਼ਾਰ ਤੋਂ ਵੱਧ ਗ੍ਰੈਜੂਏਟ ਵਿਦਿਆਰਥੀਆਂ ਦਾ ਭਵਿੱਖ ਅਨਿਸ਼ਚਿਤਤਾ ਵਿੱਚ ਹੈ।

**ਕੈਨੇਡਾ ਦੇ ਵੱਖ-ਵੱਖ ਸੂਬਿਆਂ ਚ ਹੋ ਰਹੇ ਪ੍ਰਦਰਸ਼ਨ**

ਕੈਨੇਡਾ ਦੇ ਪ੍ਰਿੰਸ ਐਡਵਰਡ ਆਈਲੈਂਡ ਦੀ ਵਿਧਾਨ ਸਭਾ ਦੇ ਬਾਹਰ ਭਾਰਤੀ ਵਿਦਿਆਰਥੀਆਂ ਨੇ ਪ੍ਰਦਰਸ਼ਨ ਕੀਤਾ। ਇਸੇ ਤਰ੍ਹਾਂ ਦੇ ਪ੍ਰਦਰਸ਼ਨ ਓਂਟਾਰੀਓ, ਮੈਨੀਟੋਬਾ ਅਤੇ ਬ੍ਰਿਟਿਸ਼ ਕੋਲੰਬੀਆ ਸੂਬਿਆਂ ਵਿੱਚ ਵੀ ਹੋਏ ਹਨ। ਇਮੀਗ੍ਰੇਸ਼ਨ ਨੀਤੀ ਵਿੱਚ ਬਦਲਾਅ ਦੇ ਹਿੱਸੇ ਵਜੋਂ ਕੈਨੇਡਾ ਸਰਕਾਰ ਸਥਾਈ ਨਿਵਾਸ ਲਈ ਨਾਮਜ਼ਦਗੀਆਂ ਦੀ ਗਿਣਤੀ ਨੂੰ 25 ਪ੍ਰਤੀਸ਼ਤ ਤੱਕ ਘਟਾਉਣ ਦੀ ਤਿਆਰੀ ਕਰ ਰਹੀ ਹੈ ਅਤੇ ਕੈਨੇਡਾ ਵਿੱਚ ਪੜ੍ਹਨ ਲਈ ਪਰਮਿਟਾਂ ਦੀ ਗਿਣਤੀ ਵੀ ਘਟਾਈ ਜਾਵੇਗੀ। ਵਰਣਨਯੋਗ ਹੈ ਕਿ ਕੈਨੇਡਾ ਵਿਚ ਪਿਛਲੇ ਕੁਝ ਸਾਲਾਂ ਵਿਚ ਆਬਾਦੀ ਤੇਜ਼ੀ ਨਾਲ ਵਧੀ ਹੈ ਅਤੇ ਇਸ ਆਬਾਦੀ ਵਿਚ ਲਗਭਗ 97 ਫੀਸਦੀ ਵਾਧੇ ਵਿਚ ਪ੍ਰਵਾਸੀ ਸ਼ਾਮਲ ਹਨ। ਇਸ ਲਈ ਕੈਨੇਡੀਅਨ ਸਰਕਾਰ ਦੇਸ਼ ਵਿੱਚ ਆਉਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਨੂੰ ਸੀਮਤ ਕਰਨਾ ਚਾਹੁੰਦੀ ਹੈ।

ਆਪਣੇ ਭਵਿੱਖ ਨੂੰ ਲੈ ਕੇ ਵਿਦਿਆਰਥੀ ਚਿੰਤਤ

ਨੌਜ਼ਵਾਨ ਸਪੋਰਟ ਨੈਟਵਰਕ, ਇੱਕ ਵਿਦਿਆਰਥੀ ਅਧਿਕਾਰ ਸਮੂਹ, ਦੇ ਪ੍ਰਤੀਨਿਧਾਂ ਦਾ ਕਹਿਣਾ ਹੈ ਕਿ ਇਸ ਸਾਲ ਦੇ ਅੰਤ ਵਿੱਚ ਜਦੋਂ ਵਿਦਿਆਰਥੀਆਂ ਦੇ ਵਰਕ ਪਰਮਿਟ ਦੀ ਮਿਆਦ ਖ਼ਤਮ ਹੋ ਜਾਵੇਗੀ ਤਾਂ ਉਨ੍ਹਾਂ ਨੂੰ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ। ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕੈਨੇਡਾ ਆਉਣ ਲਈ ਕਈ ਜੋਖਮ ਉਠਾਏ ਹਨ। ਉਹ ਇੱਥੇ ਪੜ੍ਹ ਰਹੇ ਹਨ, ਕੰਮ ਕਰ ਰਹੇ ਹਨ ਅਤੇ ਟੈਕਸ ਅਦਾ ਕਰ ਰਹੇ ਹਨ, ਪਰ ਹੁਣ ਉਸ ਤੇ ਦੇਸ਼ ਨਿਕਾਲੇ ਦੀ ਤਲਵਾਰ ਲਟਕ ਰਹੀ ਹੈ। ਕੁਝ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕੈਨੇਡਾ ਵਿੱਚ ਸਥਾਈ ਨਿਵਾਸ ਪ੍ਰਾਪਤ ਕਰਨ ਲਈ ਆਪਣੀ ਕਾਲਜ ਟਿਊਸ਼ਨ ਫੀਸਾਂ ਤੇ ਆਪਣੇ ਪਰਿਵਾਰ ਦੀ ਜ਼ਿੰਦਗੀ ਦੀ ਬੱਚਤ ਖਰਚ ਕੀਤੀ ਹੈ।

**ਕੈਨੇਡੀਅਨ ਸਰਕਾਰ ਵਿਦੇਸ਼ੀ ਕਰਮਚਾਰੀਆਂ ਦੀ ਗਿਣਤੀ ਵੀ ਘਟਾਏਗੀ**





ਕੈਨੇਡਾ ਦੀ ਜਸਟਿਨ ਟਰੂਡੋ ਸਰਕਾਰ ਤੇ ਇਨ੍ਹੀਂ ਦਿਨੀਂ ਅਸਥਾਈ ਨਿਵਾਸੀਆਂ ਦੀ ਗਿਣਤੀ ਘਟਾਉਣ ਲਈ ਬਹੁਤ ਦਬਾਅ ਹੈ। ਇਸ ਦਾ ਕਾਰਨ ਇਹ ਹੈ ਕਿ ਹਾਲ ਹੀ ਦੇ ਸਮੇਂ ਵਿੱਚ ਕੈਨੇਡਾ ਵਿੱਚ ਘਰਾਂ ਦੀਆਂ ਕੀਮਤਾਂ ਅਤੇ ਬੇਰੁਜ਼ਗਾਰੀ ਦੀ ਦਰ ਬਹੁਤ ਵੱਧ ਗਈ ਹੈ। ਕੈਨੇਡਾ ਵਿੱਚ ਅਗਲੇ ਸਾਲ ਚੋਣਾਂ ਹੋਣੀਆਂ ਹਨ ਅਤੇ ਟਰੂਡੋ ਸਰਕਾਰ ਵੱਖ-ਵੱਖ ਸਰਵੇਖਣਾਂ ਵਿੱਚ ਪਛੜ ਰਹੀ ਹੈ। ਇਹੀ ਕਾਰਨ ਹੈ ਕਿ ਸਰਕਾਰ ਨੇ ਇਮੀਗ੍ਰੇਸ਼ਨ ਨੀਤੀ ਵਿੱਚ ਬਦਲਾਅ ਕਰਕੇ ਅਸਥਾਈ ਨਿਵਾਸੀਆਂ ਦੀ ਗਿਣਤੀ ਘਟਾਉਣ ਦਾ ਉਪਰਾਲਾ ਕੀਤਾ ਹੈ। ਕੈਨੇਡੀਅਨ ਸਰਕਾਰ ਵੀ ਆਪਣੇ ਦੇਸ਼ ਵਿੱਚ ਵਿਦੇਸ਼ੀ ਕਾਮਿਆਂ ਦੀ ਗਿਣਤੀ ਘਟਾ ਰਹੀ ਹੈ।

ਰੁਜ਼ਗਾਰ ਅਤੇ ਸਮਾਜਿਕ ਵਿਕਾਸ ਕੈਨੇਡਾ (ਈ.ਐਸ.ਡੀਸੀ.) ਦੇ ਅੰਕੜਿਆਂ ਅਨੁਸਾਰ, 2023 ਵਿੱਚ 183,820 ਅਸਥਾਈ ਵਿਦੇਸ਼ੀ ਕਾਮਿਆਂ ਨੂੰ ਪਰਮਿਟ ਦਿੱਤੇ ਗਏ ਸਨ, ਜੋ ਕਿ 2019 ਦੇ ਮੁਕਾਬਲੇ 88 ਪ੍ਰਤੀਸ਼ਤ ਵੱਧ ਹੈ। ਨੀਤੀ ਵਿੱਚ ਬਦਲਾਅ ਤਹਿਤ ਕੈਨੇਡਾ ਹੁਣ ਉਨ੍ਹਾਂ ਖੇਤਰਾਂ ਵਿੱਚ ਵਿਦੇਸ਼ੀ ਕਾਮਿਆਂ ਨੂੰ ਪਰਮਿਟ ਨਹੀਂ ਦੇਵੇਗਾ ਜਿੱਥੇ ਬੇਰੁਜ਼ਗਾਰੀ ਦੀ ਦਰ 6 ਫੀਸਦੀ ਜਾਂ ਇਸ ਤੋਂ ਵੱਧ ਹੈ। ਹਾਲਾਂਕਿ, ਖੇਤੀ, ਫੂਡ ਪ੍ਰੋਸੈਸਿੰਗ, ਨਿਰਮਾਣ ਖੇਤਰ ਅਤੇ ਸਿਹਤ ਸੰਭਾਲ ਵਰਗੇ ਖੇਤਰਾਂ ਨੂੰ ਵਿਦੇਸ਼ੀ ਕਰਮਚਾਰੀਆਂ ਦੀ ਭਰਤੀ ਵਿੱਚ ਛੋਟ ਮਿਲੇਗੀ। ਕੈਨੇਡਾ ਸਰਕਾਰ ਨੇ ਤਿੰਨ ਸਾਲਾਂ ਦੌਰਾਨ ਆਰਜ਼ੀ ਨਿਵਾਸੀ ਆਬਾਦੀ ਨੂੰ ਕੈਨੇਡਾ ਦੀ ਕੁੱਲ ਆਬਾਦੀ ਦਾ 5% ਤੱਕ ਘਟਾਉਣ ਲਈ ਹੋਰ ਉਪਾਅ ਕਰਨ ਦਾ ਵੀ ਵਾਅਦਾ ਕੀਤਾ ਹੈ।

# ਡਿੰਪੀ ਢਿੱਲੋਂ 'ਆਪ' ਵਿੱਚ ਸ਼ਾਮਲ



ਸ੍ਰੀ ਮੁਕਤਸਰ ਸਾਹਿਬ- ਜ਼ਿਮਨੀ ਚੋਣਾਂ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨੂੰ ਉਸ ਵੇਲੇ ਵੱਡਾ ਝਟਕਾ ਲੱਗਿਆ ਜਦੋਂ ਗਿੱਦੜਬਾਹਾ ਤੋਂ ਅਕਾਲੀ ਦਲ ਦੇ ਹਲਕਾ ਇੰਚਾਰਜ ਅਤੇ ਅਕਾਲੀ ਦਲ ਦੀ ਟਿਕਟ 'ਤੇ ਦੋ ਵਾਰ ਚੋਣ ਲੜ ਚੁੱਕੇ ਹਰਦੀਪ ਸਿੰਘ ਡਿੰਪੀ ਢਿੱਲੋਂ ਆਪਣੇ ਸਾਥੀਆਂ ਸਣੇ ਅਕਾਲੀ ਦਲ ਤੋਂ ਅਸਤੀਫ਼ਾ ਦੇ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਗਿੱਦੜਬਾਹਾ ਦੇ ਸੱਟਾ ਬਾਜ਼ਾਰ ਵਿੱਚ ਹੋਏ ਇਕ ਵਿਸ਼ਾਲ ਸਮਾਗਮ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਡਿੰਪੀ ਢਿੱਲੋਂ ਤੇ ਉਸ ਦੇ ਭਰਾ ਸੰਨੀ ਢਿੱਲੋਂ, ਅਸ਼ੋਕ ਢੁੱਟਰ, ਸੁਭਾਸ਼ ਜੈਨ ਲਿੱਲੀ, ਸੰਨੀ ਢਿੱਲੋਂ ਅਤੇ ਜਸਵਿੰਦਰ ਢਿੱਲੋਂ ਨੂੰ 'ਆਪ' ਵਿੱਚ ਸ਼ਾਮਲ ਕੀਤਾ।

ਡਿੰਪੀ ਦੀ ਪਿੱਠ ਥਾਪੜਦਿਆਂ ਭਗਵੰਤ ਮਾਨ ਨੇ ਕਿਹਾ ਕਿ ਅੱਜ ਗਿੱਦੜਬਾਹਾ ਦੀ ਧਰਤੀ 'ਤੇ ਇਤਿਹਾਸ ਲਿਖਿਆ ਜਾ ਰਿਹਾ ਹੈ। ਇਹ ਹੀਰਾ (ਡਿੰਪੀ) ਉਨ੍ਹਾਂ ਦੀ ਪਾਰਟੀ ਵਿੱਚ ਆਇਆ ਹੈ ਅਤੇ ਉਹ ਇਸ ਨੂੰ ਆਪਣੇ 'ਤਾਜ' ਵਿੱਚ ਸਜਾ ਕੇ ਰੱਖਣਗੇ। ਅਕਾਲੀ ਦਲ ਛੱਡਣ ਤੇ 'ਆਪ' ਵਿੱਚ ਆਉਣ ਨੂੰ ਦਰੁਸਤ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਅਸਲ ਵਿੱਚ ਡਿੰਪੀ ਢਿੱਲੋਂ ਨੇ ਪਾਰਟੀ ਨਹੀਂ ਛੱਡੀ ਸਗੋਂ ਪਾਰਟੀ ਨੇ ਉਸ ਨੂੰ ਛੱਡਿਆ ਹੈ। ਉਨ੍ਹਾਂ ਡਿੰਪੀ ਢਿੱਲੋਂ ਦੀ ਹਲਕੇ ਦੇ ਵਿਕਾਸ ਕਾਰਜਾਂ ਦੀ ਮੰਗ ਨੂੰ ਮੌਕੇ 'ਤੇ ਪੂਰਿਆਂ ਕਰਦਿਆਂ ਕਿਹਾ ਕਿ ਸੀਵਰੇਜ ਤੇ ਪਾਣੀ ਵਾਸਤੇ 15 ਕਰੋੜ ਤੇ 13 ਕਰੋੜ ਦੇ ਟੈਂਡਰ 15 ਦਿਨਾਂ 'ਚ ਹੋ ਜਾਣਗੇ। ਇਸ ਦੇ ਨਾਲ ਹੀ 2500 ਕਿਊਸਕ ਪਾਣੀ ਵਾਲੀ ਮਾਲਵਾ ਨਹਿਰ ਵਿੱਚੋਂ ਖੇਤਾਂ ਨੂੰ ਪਾਣੀ ਦੇਣ ਵਾਸਤੇ ਪੱਖੇ ਲਾਉਣ ਦੀ ਵੀ ਇਜਾਜ਼ਤ ਦੇਣ ਦੀ ਰਜ਼ਾਮੰਦੀ ਦਿੱਤੀ, ਜਿਸ ਨਾਲ ਕਈ ਕਿਲੋਮੀਟਰ ਤੱਕ ਪਾਣੀ ਜਾਵੇਗਾ।

ਇਸ ਦੌਰਾਨ ਭਗਵੰਤ ਮਾਨ ਨੇ ਸੁਖਬੀਰ ਬਾਦਲ ਨੂੰ ਚਿਤਾਵਨੀ ਦਿੱਤੀ ਕਿ ਉਹ ਗਿੱਦੜਬਾਹਾ ਤੋਂ ਖੁਦ ਚੋਣ ਲੜ ਕੇ ਦਿਖਾਉਣ। ਉਨ੍ਹਾਂ ਕਿਹਾ ਕਿ 25 ਸਾਲ ਰਾਜ ਕਰਨ ਦੇ ਦਾਅਵੇ ਕਰਨ ਵਾਲੇ ਸੁਖਬੀਰ ਬਾਦਲ ਨਾਲ ਅੱਜ 25 ਬੰਦੇ ਵੀ ਨਹੀਂ ਰਹੇ। ਉਨ੍ਹਾਂ ਕਿਹਾ ਕਿ ਬੇਅਦਬੀ ਦੇ ਮੁੱਦੇ 'ਤੇ ਲੋਕਾਂ ਨੇ ਤਾਂ ਫ਼ੈਸਲਾ ਕਰ ਹੀ ਦਿੱਤਾ ਹੈ ਹੁਣ ਸਰਕਾਰ ਵੀ ਕਰੇਗੀ। ਬਾਰੀਕੀ ਨਾਲ ਜਾਂਚ ਚੱਲ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜੇਕਰ 'ਆਪ' ਸਰਕਾਰ ਨੇ ਫ਼ੈਸਲਾ ਨਾ ਕੀਤਾ ਤਾਂ ਉਨ੍ਹਾਂ ਨੂੰ ਵੀ ਦੋਸ਼ੀ ਮੰਨਿਆ ਜਾਊ।

'ਆਪ' ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਆਪਣੀ ਤਕਰੀਰ ਦੌਰਾਨ ਭਗਵੰਤ ਮਾਨ ਦੀ ਸਿਫ਼ਤ ਕਰਦਿਆਂ ਡਿੰਪੀ ਢਿੱਲੋਂ ਨੇ ਕਿਹਾ ਕਿ 'ਮੁੱਖ ਮੰਤਰੀ ਰੱਬ ਦਾ ਰੂਪ' ਹੁੰਦਾ ਹੈ। ਉਨ੍ਹਾਂ ਮਾਲਵਾ ਨਹਿਰ ਦੀ ਉਸਾਰੀ ਤੋਂ ਪਹਿਲਾਂ ਕਿਸਾਨਾਂ ਦੇ ਸੁਝਾਅ ਲੈਣ ਤੇ ਉਨ੍ਹਾਂ ਦੇ ਮਸਲੇ ਹੱਲ ਕਰਨ ਦੀ ਮੰਗ ਕੀਤੀ। ਇਸ ਦੇ ਨਾਲ ਹੀ ਗਿੱਦੜਬਾਹਾ ਸ਼ਹਿਰ ਦੇ ਸੀਵਰੇਜ ਤੇ ਵਾਟਰ ਵਰਕਸ ਦੀ ਸਮੱਸਿਆ ਦਾ ਮੁੱਦਾ ਉਭਾਰਿਆ। ਅਕਾਲੀ ਦਲ ਛੱਡਣ ਦਾ ਦਰਦ ਬਿਆਨ ਕਰਦਿਆਂ ਡਿੰਪੀ ਢਿੱਲੋਂ ਨੇ ਕਿਹਾ ਕਿ ਉਨ੍ਹਾਂ 38 ਸਾਲ ਸਿਰਫ਼ ਤੇ ਸਿਰਫ਼ ਅਕਾਲੀ ਤੇ ਬਾਦਲ ਪਰਿਵਾਰ ਦੀ ਸੇਵਾ ਕੀਤੀ। ਉਸ ਨੂੰ ਅਕਾਲੀ ਦਲ, ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਤੋਂ ਬਿਨਾ ਕੋਈ ਤੀਜਾ ਨਾਂ ਨਹੀਂ ਸੀ ਆਉਂਦਾ ਪਰ ਹੁਣ ਜਦੋਂ ਸੁਖਬੀਰ ਬਾਦਲ, ਭਾਜਪਾ 'ਚੋਂ ਲਿਆ ਕੇ ਮਨਪ੍ਰੀਤ ਬਾਦਲ ਨੂੰ ਟਿਕਟ ਦੇਣ ਬਾਰੇ ਕਹਿਣ ਲੱਗੇ ਤਾਂ ਬਰਦਾਸ਼ਤ ਨਹੀਂ ਹੋਇਆ। ਅਕਾਲੀ ਵਰਕਰ ਵੀ ਭੰਬਲਭੂਸੇ ਵਿੱਚ ਸਨ। ਨਾ ਹੀ ਗਿੱਦੜਬਾਹਾ ਤੋਂ ਉਮੀਦਵਾਰ ਦਾ ਐਲਾਨ ਕੀਤਾ ਜਾ ਰਿਹਾ ਸੀ। ਇਸ ਕਰਕੇ ਆਪਣੇ ਸਮਰਥਕਾਂ ਦੇ ਮਸ਼ਵਰੇ ਮਗਰੋਂ ਹੀ ਉਨ੍ਹਾਂ ਅਕਾਲੀ ਦਲ ਛੱਡਿਆ ਤੇ 'ਆਪ' ਵਿੱਚ ਸ਼ਾਮਲ ਹੋਏ ਹਨ। ਭਗਵੰਤ ਮਾਨ ਨੇ ਡਿੰਪੀ ਢਿੱਲੋਂ ਨੂੰ ਟਿਕਟ ਦੇਣ ਦਾ ਕੀਤਾ ਗੁੱਝਾ ਇਸ਼ਾਰਾ- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਤਕਰੀਰ ਦੌਰਾਨ ਸਰੋਤਿਆਂ ਵਿੱਚੋਂ ਡਿੰਪੀ ਢਿੱਲੋਂ ਨੂੰ ਟਿਕਟ ਦੇਣ ਦੀ ਮੰਗ ਉਭਾਰਨ 'ਤੇ ਭਗਵੰਤ ਮਾਨ ਨੇ ਆਪਣੀ ਰਵਾਇਤੀ ਕਲਾਕਾਰੀ ਸ਼ੈਲੀ 'ਚ ਕਿਹਾ, "ਉਹ ਪਾਰਟੀ 'ਚ ਆ ਚੁੱਕੇ ਹਨ। ਅਗਲੀਆਂ ਵੱਡੀਆਂ ਜ਼ਿੰਮੇਵਾਰੀ ਵਾਸਤੇ ਤਿਆਰ ਹੋ ਜਾਣ। ਨਕਸ਼ੇ ਤਿਆਰ ਕਰ ਲਓ ਕੀ ਕਰਨਾ ਹੈ। ਬਹੁਤ ਵੱਡੀਆਂ ਜ਼ਿੰਮੇਵਾਰੀਆਂ ਡਿੰਪੀ ਢਿੱਲੋਂ ਦੀ ਉਡੀਕ ਕਰ ਰਹੀਆਂ ਨੇ।"

# ਕਿਸਾਨਾਂ ਅਤੇ ਪਾੜ੍ਹਿਆਂ ਵੱਲੋਂ ਵਿਧਾਇਕ ਦੇ ਘਰ ਅੱਗੇ ਮੁਜ਼ਾਹਰਾ

ਫਰੀਦਕੋਟ- ਇੱਥੇ ਅੱਜ ਸੰਯੁਕਤ ਕਿਸਾਨ ਮੋਰਚੇ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਇੱਥੇ ਦੇ ਸਰਕਾਰੀ ਬਰਜਿੰਦਰਾ ਕਾਲਜ ਵਿੱਚ ਬੀਐੱਸਸੀ ਖੇਤੀਬਾੜੀ ਦੀ ਪੜ੍ਹਾਈ ਨੂੰ ਮੁੜ ਚਾਲੂ ਕਰਵਾਉਣ ਲਈ ਸ਼ਹਿਰ ਵਿੱਚ ਮੁਜ਼ਾਹਰਾ ਕਰਕੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਦੇ ਘਰ ਅੱਗੇ ਰੋਸ ਧਰਨਾ ਦਿੱਤਾ ਗਿਆ। ਪੰਜਾਬ ਸਰਕਾਰ ਵੱਲੋਂ ਬਰਜਿੰਦਰਾ ਕਾਲਜ ਵਿੱਚ ਚੱਲਦੇ ਬੀਐੱਸਸੀ ਖੇਤੀਬਾੜੀ ਦੇ ਕੋਰਸ ਦੀ ਮਾਨਤਾ ਰੱਦ ਕਰਕੇ ਪ੍ਰਾਈਵੇਟ ਕਰ ਦਿੱਤਾ ਗਿਆ ਹੈ। ਇਸ ਖ਼ਿਲਾਫ ਸੰਯੁਕਤ ਕਿਸਾਨ ਮੋਰਚੇ ਵੱਲੋਂ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੰਘਰਸ਼ ਦੀ ਹਮਾਇਤ ਕਰਦਿਆਂ ਪ੍ਰਦਰਸ਼ਨ ਕੀਤਾ।ਜ਼ਿਕਰਯੋਗ ਹੈ ਕਿ ਮਹੀਨੇ ਤੋਂ ਵਿਦਿਆਰਥੀ ਕੋਰਸ ਨੂੰ ਬਹਾਲ ਕਰਵਾਉਣ ਲਈ ਸੰਘਰਸ਼ ਕਰ ਰਹੇ ਹਨ ਅਤੇ 23 ਦਿਨਾਂ ਤੋਂ ਕਾਲਜ ਅੰਦਰ ਪੱਕਾ ਧਰਨਾ ਚਲ ਰਿਹਾ ਹੈ। ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਆਗੂ ਧੀਰਜ ਕੁਮਾਰ, ਹਰਵੀਰ ਕੌਰ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਅਤੇ ਕਿਸਾਨ ਆਗੂ ਬਿੰਦਰ ਸਿੰਘ ਗੋਲੇਵਾਲਾ, ਬਖਤੌਰ ਸਿੰਘ, ਸੁਰਜੀਤ ਸਿੰਘ ਅਤੇ ਕਾਮਰੇਡ ਦਲੀਪ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੀ ਲਗਾਤਾਰ ਕੇਂਦਰ ਦੀਆਂ ਮਾਰੂ ਨੀਤੀਆਂ ਨੂੰ ਲਾਗੂ ਕਰ ਰਹੀ ਹੈ। ਕੇਂਦਰ ਸਰਕਾਰ ਨੇ ਸੂਬਿਆਂ ਦਾ ਅਧਿਕਾਰ ਖ਼ਤਮ ਕਰਦਿਆਂ ਨਵੀਂ ਸਿੱਖਿਆ ਨੀਤੀ ਨੂੰ ਸੂਬਿਆਂ 'ਤੇ ਥੋਪਿਆ ਅਤੇ ਪੰਜਾਬ ਸਰਕਾਰ ਸਿੱਖਿਆ ਨੀਤੀ ਬਣਾਉਣ ਦੀ ਬਜਾਏ ਕੇਂਦਰ ਦੀ ਨੀਤੀ ਲਾਗੂ ਕਰ ਰਹੀ ਹੈ, ਜਿਸ ਤਹਿਤ ਸਰਕਾਰੀ ਵਿੱਦਿਅਕ ਅਦਾਰਿਆਂ ਨੂੰ ਖ਼ਤਮ ਕਰਕੇ ਸਿੱਖਿਆ ਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ। ਕੌਮੀ ਕਿਸਾਨ ਯੂਨੀਅਨ ਦੇ ਆਗੂ ਸ਼ਮਸ਼ੇਰ ਸਿੰਘ ਕਿੰਗਰਾਂ ਅਤੇ ਭਾਰਤੀ ਕਿਸਾਨ ਯੂਨੀਅਨ ਮਾਲਵਾ ਦੇ ਜਗਸੀਰ ਸਿੰਘ ਸਾਧੂਵਾਲਾ ਨੇ ਕਿਹਾ ਕਿ ਨਿੱਜੀਕਰਨ ਦੀ ਨੀਤੀ ਤਹਿਤ ਇਸੇ ਤਰ੍ਹਾਂ ਸਰਕਾਰੀ ਕਾਲਜ ਵਿੱਚ ਚੱਲਦੀ ਬੀਐੱਸਸੀ ਖੇਤੀਬਾੜੀ ਦੀ ਪੜ੍ਹਾਈ ਨੂੰ ਪ੍ਰਾਈਵੇਟ ਕੀਤਾ ਗਿਆ ਹੈ। ਪਿਛਲੀ ਕਾਂਗਰਸ ਸਰਕਾਰ ਵੇਲੇ ਖੇਤੀਬਾੜੀ ਦੀ ਪੜ੍ਹਾਈ ਨੂੰ ਬੰਦ ਕੀਤਾ ਗਿਆ ਸੀ।



# ਸ਼੍ਰੋਮਣੀ ਕਮੇਟੀ ਵੋਟਾਂ ਬਣਾਉਣ ਵੇਲੇ ਸ਼ਰਤਾਂ ਦੀ ਕੀਤੀ ਜਾ ਰਹੀ ਹੈ ਅਣਦੇਖੀ: ਧਾਮੀ

ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੁੜ ਮੁੱਖ ਚੋਣ ਕਮਿਸ਼ਨਰ ਗੁਰਦੁਆਰਾ ਚੋਣਾਂ ਜਸਟਿਸ ਐੱਸਐੱਸ ਸਾਰੋਂ ਕੋਲੋਂ ਮੰਗ ਕੀਤੀ ਕਿ ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਾਂ ਬਣਾਉਣ ਸਮੇਂ ਸ਼ਰਤਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ ਅਤੇ ਉਹ ਇਸ ਮਾਮਲੇ ਦੀ ਪੜਤਾਲ ਕਰਵਾਉਣ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਿੱਖ ਸੰਸਥਾ ਦੀਆਂ ਵੋਟਾਂ ਬਣਾਉਣ ਲਈ ਤੈਅ ਸ਼ਰਤਾਂ ਦੀ ਪਾਲਣਾ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਸੰਗਤ ਕੋਲੋਂ ਇਹ ਸੂਚਨਾ ਪ੍ਰਾਪਤ ਹੋ ਰਹੀ ਹੈ ਕਿ ਸਰਕਾਰੀ ਕਰਮਚਾਰੀ ਤਾਜ਼ਾ ਲੋਕ ਸਭਾ ਚੋਣਾਂ ਵਾਲੀ ਸੂਚੀ ਨੂੰ ਅਧਾਰ ਬਣਾ ਕੇ ਸਿੱਧੇ ਤੌਰ 'ਤੇ ਹੀ ਵੋਟਾਂ ਬਣਾ ਰਹੇ ਹਨ ਅਤੇ ਸਾਬਤ ਸੂਰਤ ਸਿੱਖ ਦੀ ਸ਼ਰਤ ਨੂੰ ਸ਼ਰ੍ਹੇਆਮ ਅਣਗੌਲਿਆ ਕੀਤਾ ਜਾ ਰਿਹਾ ਹੈ। ਸ੍ਰੀ ਧਾਮੀ ਨੇ ਕਿਹਾ ਕਿ ਇਸ ਮਾਮਲੇ ਨੂੰ ਲੈ ਕੇ ਹਾਲ ਹੀ ਵਿੱਚ ਗੁਰਦੁਆਰਾ ਚੋਣ ਕਮਿਸ਼ਨਰ ਨੂੰ ਸ਼੍ਰੋਮਣੀ ਕਮੇਟੀ ਦੇ ਵਫ਼ਦ ਵੱਲੋਂ ਖੁਦ ਮਿਲ ਕੇ ਮੰਗ ਪੱਤਰ ਦਿੱਤਾ ਗਿਆ ਹੈ ਪਰ ਇਸ 'ਤੇ ਗੌਰ ਨਹੀਂ ਕੀਤਾ ਗਿਆ। ਉਨ੍ਹਾਂ ਆਖਿਆ ਕਿ ਇੰਝ ਜਾਪਦਾ ਹੈ ਜਿਵੇਂ ਗੁਰਦੁਆਰਾ ਚੋਣ ਕਮਿਸ਼ਨਰ ਸੂਬਾ ਸਰਕਾਰ ਦੇ ਪ੍ਰਭਾਵ ਹੇਠ ਕੰਮ ਕਰ ਰਹੇ ਹਨ, ਕਿਉਂਕਿ ਇਤਰਾਜ਼ ਮਗਰੋਂ ਵੀ ਗਲਤ ਵੋਟਾਂ ਬਣਨ ਦਾ ਰੁਝਾਨ ਨਿਰੰਤਰ ਜਾਰੀ ਹੈ। ਸਿੱਖ ਸੰਸਥਾ ਦੇ ਨੁਮਾਇੰਦੇ ਚੁਣਨ ਦਾ ਅਧਿਕਾਰ ਕੇਵਲ ਸਾਬਤ ਸੂਰਤ ਸਿੱਖਾਂ ਕੋਲ ਹੀ ਹੋਣਾ ਜ਼ਰੂਰੀ ਹੈ। ਉਨ੍ਹਾਂ ਕਮਿਸ਼ਨਰ ਨੂੰ ਇਸ ਮਾਮਲੇ ਵਿੱਚ ਤੁਰੰਤ ਦਖਲ ਦੇਣ ਦੀ ਮੰਗ ਕਰਦਿਆਂ ਕਿਹਾ ਕਿ ਬੇਨਿਯਮੀਆਂ ਕਰਨ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

# 'ਆਪ' ਵੱਲੋਂ ਕੰਗਨਾ ਦੀ ਟਿੱਪਣੀ ਖ਼ਿਲਾਫ਼ ਭਾਜਪਾ ਦਫ਼ਤਰ ਮੂਹਰੇ ਰੋਸ ਪ੍ਰਦਰਸ਼ਨ



ਚੰਡੀਗੜ੍ਹ- ਭਾਜਪਾ ਦੀ ਸੰਸਦ ਮੈਂਬਰ ਕੰਗਨਾ ਰਣੌਤ ਵੱਲੋਂ ਪਿਛਲੇ ਦਿਨੀਂ ਕਿਸਾਨਾਂ ਪ੍ਰਤੀ ਦਿੱਤੇ ਬਿਆਨ ਤੋਂ ਨਾਰਾਜ਼ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਕਿਸਾਨ ਵਿੰਗ ਨੇ ਅੱਜ ਚੰਡੀਗੜ੍ਹ ਦੇ ਸੈਕਟਰ-37 ਸਥਿਤ ਪੰਜਾਬ ਭਾਜਪਾ ਦਫ਼ਤਰ ਮੂਹਰੇ ਰੋਸ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀਆਂ ਨੇ ਸੰਸਦ ਮੈਂਬਰ ਕੰਗਨਾ ਰਣੌਤ ਅਤੇ ਭਾਜਪਾ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।'ਆਪ' ਦੇ ਕਿਸਾਨ ਵਿੰਗ ਦੇ ਆਗੂ ਭਾਜਪਾ ਦਫ਼ਤਰ ਦਾ ਘਿਰਾਓ ਕਰਨ ਲਈ ਅੱਗੇ ਵਧੇ ਤਾਂ ਚੰਡੀਗੜ੍ਹ ਪੁਲੀਸ ਨੇ ਕੁਝ ਦੂਰੀ 'ਤੇ ਹੀ ਉਨ੍ਹਾਂ ਨੂੰ ਰੋਕ ਦਿੱਤਾ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਤੇ ਪੁਲੀਸ ਵਿਚਕਾਰ ਖਿੱਚ-ਧੂਹ ਹੋਈ ਤੇ ਚੰਡੀਗੜ੍ਹ ਪੁਲੀਸ ਨੇ ਦਰਜਨਾਂ 'ਆਪ' ਆਗੂਆਂ ਨੂੰ ਹਿਰਾਸਤ ਵਿੱਚ ਲੈ ਲਿਆ। 'ਆਪ' ਪੰਜਾਬ ਦੇ ਕਿਸਾਨ ਵਿੰਗ ਦੇ ਸੂਬਾ ਪ੍ਰਧਾਨ ਤੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਤੇ ਕਿਸਾਨ ਵਿੰਗ ਦੇ ਇੰਚਾਰਜ ਤੇ ਐਗਰੋ ਇੰਡਸਟਰੀ ਕਾਰਪੋਰੇਸ਼ਨ ਦੇ ਚੇਅਰਮੈਨ ਸ਼ਮਿੰਦਰ ਸਿੰਘ ਖਿੰਡਾ ਨੇ ਕਿਹਾ ਕਿ ਭਾਜਪਾ ਨੇ ਕੰਗਨਾ ਨੂੰ ਫਟਕਾਰ ਲਗਾਉਣ ਦਾ ਡਰਾਮਾ ਕੀਤਾ ਹੈ, ਜਦੋਂ ਕਿ ਕਿਸਾਨਾਂ ਪ੍ਰਤੀ ਅਜਿਹੀ ਬਿਆਨਬਾਜ਼ੀ ਕਰਨ ਵਾਲੇ ਆਗੂਆਂ ਨੂੰ ਪਾਰਟੀ ਤੋਂ ਬਰਖ਼ਾਸਤ ਕਰਨਾ ਚਾਹੀਦਾ ਹੈ। ਉਨ੍ਹਾਂ ਮੰਗ ਕੀਤੀ ਕਿ ਅੰਨਦਾਤਾ ਨੂੰ ਬਦਨਾਮ ਕਰਨ ਵਾਲੇ ਆਗੂਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

'ਆਪ' ਪੰਜਾਬ ਦੇ ਸੀਨੀਅਰ ਬੁਲਾਰੇ ਨੀਲ ਗਰਗ ਨੇ ਕਿਹਾ ਕਿ ਕੰਗਨਾ ਰਣੌਤ ਹੁਣ ਸੰਸਦ ਮੈਂਬਰ ਹਨ, ਉਹ ਕਿਸੇ ਇਕ ਸਮੂਹ ਜਾਂ ਦੂਜੇ ਲੋਕਾਂ ਨੂੰ ਨਿਸ਼ਾਨਾ ਬਣਾਉਣ ਲਈ ਬੇਤੁਕੇ ਬਿਆਨ ਨਹੀਂ ਦੇ ਸਕਦੇ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਨਹੀਂ ਹੈ ਕਿ ਕਿਸੇ ਭਾਜਪਾ ਆਗੂ ਨੇ ਕਿਸਾਨਾਂ ਵਿਰੁੱਧ ਅਜਿਹਾ ਬਿਆਨ ਦਿੱਤਾ ਹੋਵੇ। ਭਾਜਪਾ ਆਗੂ ਪਹਿਲਾਂ ਵੀ ਅਪਮਾਨਜਨਕ ਬਿਆਨ ਦੇ ਚੁੱਕੇ ਹਨ। ਉਨ੍ਹਾਂ ਕਿਹਾ ਕਿ ਕੰਗਨਾ ਦੀ ਤਾਜ਼ਾ ਟਿੱਪਣੀ ਬਹੁਤ ਮੰਦਭਾਗੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਹਰਿਆਣਾ, ਮਹਾਰਾਸ਼ਟਰ ਤੇ ਝਾਰਖੰਡ ਰਾਜਾਂ ਵਿੱਚ ਚੋਣਾਂ ਦੇ ਮੱਦੇਨਜ਼ਰ ਕੰਗਨਾ ਦੇ ਬਿਆਨ ਤੋਂ ਦੂਰੀ ਬਣਾ ਰਹੀ ਹੈ। ਗਰਗ ਨੇ ਕਿਹਾ ਕਿ ਭਾਜਪਾ ਤੇ ਕੰਗਨਾ ਰਣੌਤ ਨੂੰ ਕਿਸਾਨਾਂ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ।

'ਆਪ' ਪੰਜਾਬ ਦੇ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਭਾਜਪਾ ਦੀ ਸੰਸਦ ਮੈਂਬਰ ਕੰਗਨਾ ਰਣੌਤ ਦੇ ਬਿਆਨਾਂ ਦੀ ਸਖ਼ਤ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਕੰਗਨਾ ਰਣੌਤ ਵੱਲੋਂ ਲਗਾਤਾਰ ਪੰਜਾਬ ਦੇ ਮਾਹੌਲ ਨੂੰ ਖ਼ਰਾਬ ਕਰਨ ਲਈ ਦਿੱਤੇ ਜਾਂਦੇ ਬਿਆਨ ਅਸਲ ਵਿੱਚ ਪੰਜਾਬ ਦੇ ਪ੍ਰਤੀ ਭਾਜਪਾ ਦੀ ਸੋਚ ਨੂੰ ਦਰਸਾਉਂਦੇ ਹਨ, ਇਹ ਕੋਈ ਪਹਿਲੀ ਘਟਨਾ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਚਾਹੀਦਾ ਹੈ ਕਿ ਉਹ ਇਸ ਬਿਆਨ ਦੀ ਜ਼ਿੰਮੇਵਾਰੀ ਲਵੇ।

# ਕਿਸਾਨ ਅੰਦੋਲਨ ਦੇ ਪ੍ਰਚਾਰ ਲਈ ਗੈਰ-ਸਿਆਸੀ ਵਫ਼ਦ ਪੁਡੂਚੇਰੀ ਪੁੱਜਿਆ



ਪਟਿਆਲਾ- ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਵੱਲੋਂ ਪੁਡੂਚੇਰੀ ਸੂਬੇ ਦੀ ਕਾਰਜਕਾਰਨੀ ਦੀ ਜਾਣ-ਪਛਾਣ ਲਈ ਕਰਾਈਕਲ ਵਿੱਚ ਮੀਟਿੰਗ ਅਤੇ ਸੈਮੀਨਾਰ ਕਰਵਾਇਆ ਗਿਆ। ਪ੍ਰੋਗਰਾਮ ਦੀ ਪ੍ਰਧਾਨਗੀ ਪੋਨ ਰਾਜੇਂਦਰਨ ਨੇ ਕੀਤੀ, ਜਦਕਿ ਹਰਿਆਣਾ ਤੋਂ ਕੌਮੀ ਕੋਆਰਡੀਨੇਟਰ ਲਖਵਿੰਦਰ ਸਿੰਘ ਔਲਖ, ਤਾਮਿਲਨਾਡੂ ਤੋਂ ਪੀਆਰ ਪਾਂਡੀਅਨ, ਪੰਜਾਬ ਤੋਂ ਅਮਰਜੀਤ ਸਿੰਘ ਰੜ੍ਹਾ, ਕਰਨਾਟਕ ਤੋਂ ਦੱਖਣੀ ਭਾਰਤ ਦੇ ਕੋਆਰਡੀਨੇਟਰ ਕੁਰਬਰੂ ਸ਼ਾਂਤਾਕੁਮਾਰ, ਤਿਲੰਗਾਨਾ ਤੋਂ ਵੈਂਕਟੇਸ਼ਵਰ ਰਾਓ, ਕੇਰਲ ਤੋਂ ਕੇਵੀ ਬੀਜੂ ਸਣੇ ਦੱਖਣੀ ਭਾਰਤ ਦੇ ਕਈ ਕਿਸਾਨ ਆਗੂਆਂ ਨੇ ਸ਼ਿਰਕਤ ਕੀਤੀ।ਆਗੂਆਂ ਨੇ ਇੱਥੋਂ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਦੱਖਣੀ ਭਾਰਤ ਦੇ ਪੁਡੂਚੇਰੀ ਵਿੱਚ ਸੰਯੁਕਤ ਕਿਸਾਨ ਮੋਰਚੇ ਦਾ ਵਿਸਤਾਰ ਕਰਦਿਆਂ ਪੋਨ ਰਾਜੇਂਦਰਨ ਨੂੰ ਪੁਡੂਚੇਰੀ ਦਾ ਕਨਵੀਨਰ ਨਿਯੁਕਤ ਕੀਤਾ ਗਿਆ ਹੈ। ਲਖਵਿੰਦਰ ਸਿੰਘ ਔਲਖ ਨੇ ਸੰਬੋਧਨ ਕਰਦਿਆਂ ਕਿਹਾ, "ਭਾਰਤ ਦੇ ਕਿਸਾਨ ਐੱਮਐੱਸਪੀ ਖਰੀਦ ਗਾਰੰਟੀ ਕਾਨੂੰਨ, ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਦੇ ਫਾਰਮੂਲੇ ਅਨੁਸਾਰ ਫ਼ਸਲਾਂ ਦੇ ਭਾਅ, ਕਿਸਾਨਾਂ ਤੇ ਮਜ਼ਦੂਰਾਂ ਦੀ ਮੁਕੰਮਲ ਕਰਜ਼ਾ ਮੁਆਫੀ ਸਣੇ ਆਪਣੀਆਂ ਮੰਗਾਂ ਲਈ 197 ਦਿਨਾਂ ਤੋਂ ਸ਼ੰਭੂ, ਖਨੌਰੀ ਅਤੇ ਰਤਨਪੁਰਾ ਦੇ ਬਾਰਡਰਾਂ 'ਤੇ ਅੰਦੋਲਨ ਕਰ ਰਹੇ ਹਨ ਪਰ ਕਿਸਾਨਾਂ ਦੀਆਂ ਹੱਕੀ ਮੰਗਾਂ ਸਬੰਧੀ ਕੇਂਦਰ ਸਰਕਾਰ ਵੱਲੋਂ ਜੋ ਲਿਖਤੀ ਵਾਅਦਾ ਕੀਤਾ ਗਿਆ ਸੀ ਉਸ ਨੂੰ ਪੂਰਾ ਕਰਨ ਦੀ ਬਜਾਏ ਭਾਜਪਾ ਸਰਕਾਰ ਕਿਸਾਨਾਂ ਨੂੰ ਪ੍ਰੇਸ਼ਾਨ ਕਰ ਰਹੀ ਹੈ। ਭਾਜਪਾ ਦੀ ਸੰਸਦ ਮੈਂਬਰ ਕੰਗਨਾ ਰਣੌਤ ਨੇ ਕਿਸਾਨਾਂ ਖ਼ਿਲਾਫ਼ ਬਹੁਤ ਹੀ ਭੱਦੀ ਭਾਸ਼ਾ ਵਰਤੀ ਹੈ। ਇਹ ਸਭ ਉਸ ਵੱਲੋਂ ਇੱਕ ਏਜੰਡੇ ਤਹਿਤ ਹੀ ਕੀਤਾ ਗਿਆ ਹੈ।" ਪੀਆਰ ਪਾਂਡੀਅਨ ਨੇ ਕਿਹਾ ਕਿ "ਕਰਾਈਕਲ ਨੂੰ ਵੀ ਇੱਕ ਸੁਰੱਖਿਅਤ ਖੇਤੀਬਾੜੀ ਖੇਤਰ ਐਲਾਨਿਆ ਜਾਣਾ ਚਾਹੀਦਾ ਹੈ ਅਤੇ ਭਾਰਤ ਸਰਕਾਰ ਦੱਖਣੀ ਭਾਰਤ ਦੇ ਕਿਸਾਨਾਂ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੀ।

# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 268

Website: www.preetnama.com Email preetnamausa@gmail.com

30 AUGUST TO 05 SEPTEMBER, 2024




# ਚੰਦਰਯਾਨ-3 ਦੀ ਉਪਲੱਬਧੀ ਨੂੰ ਦੇਸ਼ ਕਦੇ ਨਹੀਂ ਭੁੱਲ ਸਕਦਾ

ਨਵੀਂ ਦਿੱਲੀ- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਯਾਨੀ ਕਿ ਐਤਵਾਰ ਨੂੰ ਜਨਤਾ ਨਾਲ ਮਨ ਕੀ ਬਾਤ ਕੀਤੀ। ਮਨ ਕੀ ਬਾਤ ਪ੍ਰੋਗਰਾਮ ਜ਼ਰੀਏ ਪ੍ਰਧਾਨ ਮੰਤਰੀ ਮੋਦੀ ਨੇ ਦੇਸ਼ ਦੇ ਵਿਕਾਸ ਤੇ ਚਰਚਾ ਕੀਤੀ। ਪ੍ਰਧਾਨ ਮੰਤਰੀ ਨੇ ਕਿਹਾ ਕਿ 23 ਅਗਸਤ ਨੂੰ ਚੰਦਰਯਾਨ-3 ਦੀ ਚੰਦਰਮਾ 'ਤੇ ਸਾਫਟ ਲੈਂਡਿੰਗ ਦੀ ਉਪਲੱਬਧੀ ਦੇਸ਼ ਕਦੇ ਨਹੀਂ ਭੁੱਲ ਸਕਦਾ।



**ਵਿਕਸਿਤ ਭਾਰਤ ਦੀ ਨੀਂਹ ਮਜ਼ਬੂਤ ਹੋ ਰਹੀ ਹੈ :** ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ 21ਵੀਂ ਸਦੀ ਦੇ ਭਾਰਤ ਵਿਚ ਕਿੰਨਾ ਕੁਝ ਅਜਿਹਾ ਹੋ ਰਿਹਾ ਹੈ, ਜੋ ਵਿਕਸਿਤ ਭਾਰਤ ਦੀ ਨੀਂਹ ਮਜ਼ਬੂਤ ਕਰ ਰਿਹਾ ਹੈ। ਜਿਵੇਂ ਇਸ 23 ਅਗਸਤ ਨੂੰ ਹੀ ਅਸੀਂ ਸਾਰੇ ਦੇਸ਼ ਵਾਸੀਆਂ ਨੇ ਪਹਿਲਾ National Space Day ਮਨਾਇਆ ਕਿਉਂਕਿ ਚੰਦਰਯਾਨ-3 ਨੇ ਇਸੇ ਦਿਨ ਵੱਡੀ ਉਪਲੱਬਧੀ ਹਾਸਲ ਕੀਤੀ ਸੀ। ਭਾਰਤ ਇਸ ਉਪਲੱਬਧੀ ਨੂੰ ਹਾਸਲ ਕਰਨ ਵਾਲਾ ਦੁਨੀਆਂ ਦਾ ਪਹਿਲਾ ਦੇਸ਼ ਬਣਿਆ।

**15 ਅਗਸਤ ਨੂੰ ਦਿੱਸਿਆ ਇਕ ਭਾਰਤ ਸ਼੍ਰੇਸ਼ਠ ਭਾਰਤ:** ਪ੍ਰਧਾਨ ਮੰਤਰੀ ਨੇ ਕਿਹਾ ਕਿ ਹਰ ਵਾਰ ਵਾਂਗ ਅਸੀਂ ਲੋਕਾਂ ਨੂੰ 15 ਅਗਸਤ ਨੂੰ ਤਿਰੰਗਾ ਲਹਿਰਾਉਣ ਦੀ ਅਪੀਲ ਕੀਤੀ ਸੀ। ਉਨ੍ਹਾਂ ਨੇ ਕਿਹਾ ਕਿ ਇਸ ਅਪੀਲ ਦੇ ਚੱਲਦੇ ਕਸ਼ਮੀਰ ਤੋਂ ਅਰੁਣਾਚਲ ਤਕ ਤਿਰੰਗਾ ਯਾਤਰਾ ਕੱਢੀ ਅਤੇ ਇਸ ਨੇ ਇਕ ਭਾਰਤ ਸ਼੍ਰੇਸ਼ਠ ਭਾਰਤ ਦਾ ਨਜ਼ਾਰਾ ਵਿਖਾਇਆ। ਪ੍ਰਧਾਨ ਮੰਤਰੀ ਨੇ ਕਿਹਾ ਕਿ ਹਰ ਘਰ ਤਿਰੰਗਾ ਮੁਹਿੰਮ ਵਿਚ ਲੋਕਾਂ ਦੀ ਕਾਫੀ ਚੰਗੀ ਪ੍ਰਤੀਕਿਰਿਆ ਮਿਲੀ ਅਤੇ ਲੋਕਾਂ ਨੇ ਤਿਰੰਗੇ ਨਾਲ ਆਪਣਾ ਤਸਵੀਰਾਂ ਵੀ ਪੋਸਟ ਕੀਤੀਆਂ।

**ਵੱਡੀ ਗਿਣਤੀ 'ਚ ਨੌਜਵਾਨ ਸਿਆਸਤ 'ਚ ਆਉਣ ਨੂੰ ਤਿਆਰ:** ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਸਾਲ ਮੈਂ ਲਾਲ ਕਿਲੇ ਤੋਂ ਬਿਨਾਂ ਸਿਆਸੀ ਪਿੱਠਭੂਮੀ ਵਾਲੇ ਇਕ ਲੱਖ ਨੌਜਵਾਨਾਂ ਨੂੰ ਸਿਆਸੀ ਸਿਸਟਮ ਨਾਲ ਜੁੜਨ ਦੀ ਅਪੀਲ ਕੀਤੀ ਹੈ। ਮੇਰੀ ਇਸ ਗੱਲ ਤੇ ਜ਼ਬਰਦਸਤ ਪ੍ਰਤੀਕਿਰਿਆ ਮਿਲੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਕਿੰਨੀ ਵੱਡੀ ਗਿਣਤੀ ਵਿਚ ਸਾਡੇ ਨੌਜਵਾਨ, ਸਿਆਸਤ ਵਿਚ ਆਉਣ ਲਈ ਤਿਆਰ ਬੈਠੇ ਹਨ। ਬਸ ਉਨ੍ਹਾਂ ਨੂੰ ਸਹੀ ਮੌਕੇ ਅਤੇ ਸਹੀ ਮਾਰਗਦਰਸ਼ਨ ਦੀ ਤਲਾਸ਼ ਹੈ।

**ਜਾਨਵਰਾਂ ਨਾਲ ਸਾਡਾ ਖ਼ਾਸ ਨਾਅਤਾ :** ਪ੍ਰਧਾਨ ਮੰਤਰੀ ਮੋਦੀ ਨੇ ਅੱਗੇ ਕਿਹਾ ਕਿ ਜਾਨਵਰਾਂ ਨਾਲ ਸਾਡਾ ਖ਼ਾਸ ਨਾਅਤਾ ਰਿਹਾ ਹੈ ਅਤੇ ਅਜਿਹਾ ਹੀ ਨਜ਼ਾਰਾ ਆਸਾਮ ਵਿਚ ਨਜ਼ਰ ਆਇਆ। ਇੱਥੋਂ ਦੇ ਤਿਨਸੁਕੀਆ ਜ਼ਿਲ੍ਹੇ ਦੇ ਛੋਟੇ ਜਿਹੇ ਪਿੰਡ ਬਾਰੇਕੁਰੀ ਵਿਚ ਮੋਰਾਨ ਭਾਈਚਾਰੇ ਦੇ ਲੋਕ ਰਹਿੰਦੇ ਹਨ ਅਤੇ ਇਸੇ ਪਿੰਡ ਵਿਚ ਰਹਿੰਦੇ ਹਨ ਹੂਲਾਕ ਗਿਬਨ , ਜਿਨ੍ਹਾਂ ਨੂੰ ਇੱਥੇ ਹੋਲੋ ਬਾਂਦਰ ਕਿਹਾ ਜਾਂਦਾ ਹੈ। ਹੂਲਾਕ ਗਿਬਨਸ ਨੇ ਇਸ ਪਿੰਡ ਵੀ ਹੀ ਆਪਣਾ ਬਸੇਰਾ ਬਣਾ ਲਿਆ ਹੈ। ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਇਸ ਪਿੰਡ ਦੇ ਲੋਕਾਂ ਦਾ ਹੂਲਾਕ ਗਿਬਨ ਨਾਲ ਬਹੁਤ ਡੂੰਘਾ ਨਾਅਤਾ ਹੈ।

ਸੰਘਰਸ਼ ਕਰਨਾ ਪੰਜਾਬੀਆਂ ਦਾ ਸੁਭਾਅ ਬਣ ਚੁੱਕੈ। ਜੱਦੋ ਜਹਿਦ ਕਰਨੀ ਇਨ੍ਹਾਂ ਦਾ ਖ਼ਾਸਾ ਹੈ ਤੇ ਹੱਕਾਂ ਲਈ ਨਿਰੰਤਰ ਲੜਨਾ ਤੇ ਦੇਸ਼ ਦੀ ਸੱਜੀ ਬਾਂਹ ਬਣੇ ਰਹਿਣਾ ਇਨ੍ਹਾਂ ਦੀ ਪਹਿਚਾਣ। ਕੋਈ ਦੁਸ਼ਮਣ, ਸ਼ਰੀਕ, ਵਿਰੋਧੀ, ਦੋਖੀ, ਦੂਤੀ ਜਾਂ ਵਿਪੱਖੀ ਜਿੰਨਾ ਮਰਜ਼ੀ ਇਨ੍ਹਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰੇ, ਜਿੰਨੇ ਮਰਜ਼ੀ ਲਾਂਛਣ ਲਾਵੇ, ਜਿੰਨਾ ਮਰਜੀ ਇਨ੍ਹਾਂ ’ਤੇ ਚਿੱਕੜ ਸੁੱਟੇ ਪਰ ਇਹ ਸਦਾ ਹੀ ਪਾਕਿ-ਦਾਮਨ, ਸਾਫ਼-ਦਿਲ, ਹਿੰਮਤੀ, ਜਾਂਬਾਜ਼, ਮੋਹਰੀ, ਦਲੇਰ, ਸ਼ੇਰ, ਬੇਰੋਕ, ਬੇਖ਼ੌਫ਼ ਅਤੇ ਸਰਬੱਤ ਦੇ ਭਲੇ ਦੇ ਬੋਧਕ ਹਨ। ਮੈਦਾਨੇ-ਜੰਗ ਵਿਚ ਵੈਰੀਆਂ ਨਾਲ ਦੋ-ਦੋ ਹੱਥ ਕਰਨ ਵਾਲੇ ਪਰ ਮੈਦਾਨ ਤੋਂ ਬਾਹਰ ਉਨ੍ਹਾਂ ਦੀ ਮਰਹਮ-ਪੱਟੀ ਕਰਨ ਵਾਲੇ ਅਤੇ ਭੋਜਨ ਛਕਾਉਣ ਵਾਲੇ ਵੀ ਪੰਜਾਬੀ ਹੀ ਹਨ-ਭਾਈ ਘਨੱਈਆ ਜੀ ਦੇ ਵਾਰਿਸ ਮੌਜੂਦਾ ਕਿਰਸਾਨ-ਸੰਘਰਸ਼ ’ਤੇ ਮੰਥਨ ਕੀਤਿਆਂ ਸਪੱਸ਼ਟ ਹੋ ਜਾਂਦਾ ਹੈ ਕਿ ਵਿਰਾਸਤ ਵਿਚ ਮਿਲੇ ਇਨ੍ਹਾਂ ਮੀਰੀ ਗੁਣਾਂ ਕਰਕੇ ਹੀ, ਅੱਜ ਪੰਜਾਬ ਦੇ ਬੱਚੇ-ਬੱਚੇ ਨੇ ਪੂਰੇ ਦੇਸ਼ ਦੀਆਂ ਅੱਖਾਂ ਖੋਹਲੀਆਂ ਹਨ। ਭਾਰਤ ਸਰਕਾਰ ਵੱਲੋਂ ਕਿਰਸਾਨਾਂ ਦੇ ਉਜਾੜੇ ਦਾ ਬਾਨਣੂੰ ਬੰਨ੍ਹਦੇ ਅਤੇ ਕਾਰਪੋਰੇਟ ਤਾਕਤਾਂ ਦਾ ਹਿਤ ਪੂਰਦੇ ਕਾਨੂੰਨ ਧੜਾਧੜ ਬਣਾ ਕੇ ਸ਼ਰੇਆਮ ਕਿਰਸਾਨੀ ਹਿਤਾਂ ’ਤੇ ਡਾਕਾ ਮਾਰਿਆ ਗਿਆ ਹੈ ਜਿਸ ਕਰਕੇ ਅੱਜ ਪੂਰਾ ਪੰਜਾਬ ਸੜਕਾਂ, ਰੇਲਵੇ ਲਾਈਨਾਂ, ਟੋਲ ਪਲਾਜ਼ਿਆਂ ਅਤੇ ਮੋਰਚਿਆਂ ਵਿਚ ਆਣ ਬੈਠਾ ਹੈ। ਦੋ ਮਹੀਨਿਆਂ ਦੇ ਨਿਰੰਤਰ ਸੰਘਰਸ਼ ਉਪਰੰਤ ਹੁਣ ਐਲਾਨੀਆਂ ਦਿੱਲੀ ਵੀ ਕੂਚ ਕਰ ਚੁੱਕਾ ਹੈ। ਪੰਜਾਬੀ ਕਿਰਸਾਨਾਂ ਦੇ ਸੰਘਰਸ਼ ਤੋਂ ਪ੍ਰੇਰਿਤ, ਪ੍ਰਭਾਵਿਤ ਅਤੇ ਸੇਧ ਲੈ ਕੇ ਹੁਣ ਇਹ ਜੱਦੋ-ਜਹਿਦ ਦੇਸ਼-ਵਿਆਪੀ ਰੁਖ ਧਾਰਨ ਕਰ ਚੁੱਕੀ ਹੈ। ਕਿਰਸਾਨ ਭਾਵੇਂ ਪੰਜਾਬ ਦਾ ਹੈ ਜਾਂ ਬੰਗਾਲ ਦਾ, ਹਰਿਆਣੇ ਦਾ ਹੈ ਜਾਂ ਤੇਲੰਗਾਨਾ, ਨਾਸਕ ਦਾ ਹੈ ਜਾਂ ਕਰਨਾਟਕ ਦਾ, ਸਭ ਦੀਆਂ ਮੁਸ਼ਕਿਲਾਂ, ਸਮੱਸਿਆਵਾਂ, ਖੁਆਰੀਆਂ, ਲੁੱਟ-ਖਸੁੱਟ ਅਤੇ ਪਰੇਸ਼ਾਨੀਆਂ ਸਾਂਝੀਆਂ ਹਨ, ਜੱਗ-ਜ਼ਾਹਿਰ। ਇਸੇ ਕਰਕੇ, ਕਰਜ਼ੇ ਦੇ ਬੋਝ ਹੇਠ ਦੱਬੇ, ਸਰਕਾਰੀ ਨੀਤੀਆਂ ਦੇ ਸਤਾਏ ਤੇ ਡਾਹਢਿਆਂ ਦੇ ਰੁਲਾਏ ਹਜ਼ਾਰਾਂ-ਹਜ਼ਾਰਾਂ ਕਿਰਸਾਨ ਪੰਜਾਬ ਦੇ ਨਾਲ-ਨਾਲ ਪੂਰੇ ਦੇਸ਼ ਵਿਚ ਵੀ ਆਤਮ ਹੱਤਿਆਵਾਂ ਕਰ ਰਹੇ ਹਨ, ਅਧਵਾਟੇ ਜੀਵਨ-ਡੋਰ ਕੱਟ ਰਹੇ ਹਨ। ਕਦੇ ਖੇਤੀ ਨੂੰ ਉੱਤਮ ਮੰਨਿਆ ਜਾਂਦਾ ਸੀ ਪਰੰਤੂ ਅੱਜ ਇਹ ਕਿਰਸਾਨ ਦਾ ਢਿੱਡ ਨਹੀਂ ਭਰ ਰਹੀ। ਸਰਕਾਰਾਂ ਵੱਲੋਂ ਜ਼ਬਰਦਸਤੀ ਮੁੱਲ-ਨਿਰਧਾਰਨ ਕਰਕੇ ਉਸ ਦੇ ਪੱਲੇ ਕੁੱਝ ਨਹੀਂ ਪੈਂਦਾ। ਕਿਸਾਨ-ਜਥੇਬੰਦੀਆਂ ਵੱਲੋਂ ਸਮੇਂ-ਸਮੇਂ ’ਤੇ ਕੀਤੀਆਂ ਜਾਇਜ਼ ਮੰਗਾਂ ਵਲ ਸਰਕਾਰਾਂ ਧਿਆਨ ਹੀ ਨਹੀਂ ਦਿੰਦੀਆਂ। ਹੁਣ ਤਾਂ ਗੱਲ ਸਿਰੇ ਹੀ ਲੱਗ ਗਈ ਜਦੋਂ ਕੋਰੋਨਾ-ਕਾਲ ਦੌਰਾਨ ਪਾਰਲੀਮੈਂਟ ਨੇ ਤਿੰਨ ਆਰਡੀਨੈਂਸਾਂ ਨੂੰ ਹਫੜਾ-ਦਫੜੀ ਵਿਚ, ਬਿਨਾਂ ਸਾਰੀਆਂ ਲੋੜੀਂਦੀਆਂ ਧਾਰਾਵਾਂ ਦੀ ਪ੍ਰਵਾਹ ਕਰਦਿਆਂ ਕਾਨੂੰਨੀ ਰੂਪ ਦੇ ਦਿੱਤਾ। ਕਿਰਸਾਨੀ ਦਾ ਲੱਕ ਤੋੜ ਦੇਣ ਵਾਲੇ ਇਨ੍ਹਾਂ ਕਾਨੂੰਨਾਂ ਕਰਕੇ ਪੰਜਾਬੀ ਕਿਰਸਾਨਾਂ ਨੇ ਭਰਵਾਂ ਅੰਦੋਲਨ ਆਰੰਭਿਆ ਜੋ ਇਨ੍ਹਾਂ ਦੀ ਵਿਰਾਸਤ ਰਹੀ ਹੈ। ਇਸ ਮਰਹਲੇ ’ਤੇ ਮੈਨੂੰ ‘ਪਗੜੀ ਸੰਭਾਲ ਓ ਜੱਟਾ’ ਮੁਹਿੰਮ ਦੀ ਯਾਦ ਆ ਰਹੀ ਹੈ ਜਿਹੜੀ ਮੁਹਿੰਮ ਇਕ ਸਦੀ ਤੋਂ ਵੀ ਪਹਿਲਾਂ ਪੰਜਾਬੀਆਂ ਦੀ ਅਮਰ ਪਹਿਚਾਣ ਬਣੀ ਸੀ! ਮੌਜੂਦਾ ਸੰਘਰਸ਼ ਬਾਰੇ, ਅਗਲੀ ਗੱਲ ਕਰਨ ਤੋਂ ਪਹਿਲਾਂ ਮੈਂ ‘ਪਗੜੀ ਸੰਭਾਲ ਓ ਜੱਟਾ’! ਬਾਰੇ ਕੁੱਝ ਮੰਥਨ ਕਰਨਾ ਜ਼ਰੂਰੀ ਸਮਝਦੀ ਹਾਂ। ਸ੍ਰੀ ਬਾਂਕੇ ਲਾਲ ਵੱਲੋਂ 1906 ਵਿਚ ਗਾਇਆ ਅਤੇ ਸ੍ਰ. ਅਜੀਤ ਸਿੰਘ ਵੱਲੋਂ ਅਪਣਾਇਆ ‘ਪਗੜੀ ਸੰਭਾਲ ਓ ਜੱਟਾ’ ਗੀਤ ਅੱਜ ਮੁੜ ਮੁੜ ਕੇ ਮੇਰੇ ਜਿਹਨ ਵਿਚ ਦਸਤਕ ਦੇ ਰਿਹਾ ਹੈ ਜਿਹੜਾ ਪੂਰੀ ਸਦੀ ਤੋਂ ਵੱਧ ਸਮੇਂ ਤੋਂ ਕਰੋੜਾਂ ਅਰਬਾਂ ਲੋਕਾਂ ਦਾ ਮਨ ਪਸੰਦ ਗੀਤ ਤੁਰਿਆ ਆ ਰਿਹਾ ਹੈ। ਅਜੋਕੇ ਨੌਜਵਾਨਾਂ ਦੇ ਆਦਰਸ਼, ਹਰਮਨ ਪਿਆਰੇ, ਰਾਹ ਦਸੇਰੇ ਅਤੇ ਜਨ ਨਾਇਕ ਸ੍ਰ. ਭਗਤ ਸਿੰਘ ਦੇ ਪ੍ਰੇਰਨਾ ਸ੍ਰੋਤ ਉਨ੍ਹਾਂ ਦੇ ਪਿਤਾ, ਸ੍ਰ. ਕਿਸ਼ਨ ਸਿੰਘ ਅਤੇ ਚਾਚਾ ਸ੍ਰ. ਅਜੀਤ ਸਿੰਘ ਦੇਸ਼ ਦੀ ਆਜ਼ਾਦੀ ਲਈ ਵਿੱਢੇ ਅੰਦੋਲਨ ਦੇ ਸ਼ਾਹ ਸਵਾਰ ਰਹੇ ਹਨ ਜਿਨ੍ਹਾਂ ਨੇ ਪੌਣੇ ਚੌਵੀ ਸਾਲ ਦੇ ਨੌਜਵਾਨ ਪੁੱਤਰ ਭਗਤ ਸਿੰਘ ਨੂੰ ਐਡੀ ਮਹਾਨ ਕੁਰਬਾਨੀ ਲਈ ਤਿਆਰ-ਬਰ-ਤਿਆਰ ਕਰ ਦਿੱਤਾ। “ਬਾਬਾਣੀਆਂ ਕਹਾਣੀਆਂ ਪੁਤੁ ਸਪੂਤਿ ਕਰੇਨਿ’ ਗੁਰਬਾਣੀ ਵੀ ਇਹੋ ਸੁਨੇਹਾ ਦ੍ਰਿੜਾਉਂਦੀ ਹੈ। ਸੋ, ਇਸ ਗੀਤ ਦੇ ਬੋਲਾਂ ‘ ‘ਪਗੜੀ ਸੰਭਾਲ ਓ ਜੱਟਾ’! ਲਹਿਰ, ਕਿਰਸਾਨੀ-ਹੱਕਾਂ ਲਈ ਆਰੰਭੀ ਗਈ ਉਹ ਯਾਦਗਾਰੀ ਲਹਿਰ ਹੋ ਨਿੱਬੜੀ, ਜਿਸ ਦੀ ਅਗਵਾਈ ਸ੍ਰ. ਅਜੀਤ ਸਿੰਘ ਨੇ ਕੀਤੀ ਸੀ ਕਿਉਂਕਿ ਅੰਗਰੇਜ਼ ਸਰਕਾਰ ਵੱਲੋਂ 1906 ਵਿਚ ‘ਪੰਜਾਬ ਬਸਤੀਕਰਨ ਐਕਟ’ ਲਾਗੂ ਕਰ ਦਿੱਤਾ ਗਿਆ ਸੀ। ਇਸ ਐਕਟ ਮੁਤਾਬਿਕ, ਇਸ ਧਰਤ ਦੀ ਮਾਲਕ ਅੰਗਰੇਜ਼ ਹਕੂਮਤ ਬਣ ਗਈ ਸੀ। ਇਸ ਮਰਹਲੇ ’ਤੇ, ਕਿਰਸਾਨੀ ਹੱਕਾਂ ਲਈ ਅਤੇ ਪਾਣੀ ਦੇ ਵਧਾਏ ਮੁੱਲ ਦੇ ਵਿਰੋਧ ਵਜੋਂ ਜਿਹੜੀ ਬ਼ਗਾਵਤ ਦਾ ਝੰਡਾ ਸ੍ਰ. ਅਜੀਤ ਸਿੰਘ ਅਤੇ ਉਨ੍ਹਾਂ ਦੇ ਜਾਂਬਾਜ਼ ਸਾਥੀਆਂ ਨੇ ਚੁੱਕਿਆ ਉਹ ਨਿਰਸੰਦੇਹ ਇਸੇ ਪਵਿੱਤਰ ਧਰਤੀ ਪੰਜਾਬ ਤੋਂ ਹੀ ਸ਼ੁਰੂ ਹੋਈ ਸੀ ਤੇ ਸ੍ਰੀ ਬਾਂਕੇ ਲਾਲ ਦੀ ਕਵਿਤਾ ਦੇ ਇਹ ਫਾਹ ਲੈਣ ਵਾਲੇ ਬੋਲ ਪੰਜਾਬ ਦੀਆਂ ਇਨ੍ਹਾਂ ਫ਼ਿਜ਼ਾਵਾਂ ਵਿਚ ਸਦਾ ਸਦਾ ਲਈ ਘੁਲ ਮਿਲ ਗਏ ਸਨ। ਇਸ ਅੰਦੋਲਨ ਦੇ ਸੰਚਾਲਕਾਂ ਦਾ ਸੁਪਨਾ ਵੀ ਬਹੁਤ ਵੱਡਾ ਸੀ ਅਰਥਾਤ ਮੁਕੰਮਲ ਰਾਜ ਪਲਟਾ। ਗ਼ੁਲਾਮੀ ਦੀਆਂ ਜੰਜ਼ੀਰਾਂ ਵਿਚ ਜਕੜੇ ਭਾਰਤ ਵਾਸੀਆਂ ਤੇ ਖ਼ਾਸ ਕਰਕੇ ਪੰਜਾਬੀਆਂ ਨੂੰ ਨਾ ਦਿਨੇ ਚੈਨ ਸੀ ਤੇ ਨਾ ਰਾਤ ਨੂੰ, ਇਸ ਮਕਸਦ ਲਈ ਉਹ ਸਿਰਤੋੜ ਜਤਨ ਕਰਨ ਲੱਗੇ ਸਨ। ਜ਼ਿਕਰਯੋਗ ਹੈ ਕਿ ਸ੍ਰ. ਅਜੀਤ ਸਿੰਘ ਨੇ ਇਕੱਲਿਆਂ ਹੀ ਇਸ ਕਾਲੇ ਕਾਨੂੰਨ ਨੂੰ ਚੁਣੌਤੀ ਦਿੱਤੀ ਸੀ ਤੇ ਬਸਤੀਵਾਦੀ ਸਰਕਾਰ ਨੂੰ ਲਲਕਾਰਿਆ ਸੀ। ਅੰਗਰੇਜ਼ ਸਰਕਾਰ ਨੇ ਬੁਖਲਾਹਟ ਵਿਚ ਮਈ 1907 ਵਿਚ ਲਾਲਾ ਲਾਜਪਤ ਰਾਇ ਦੇ ਨਾਲ, ਸ੍ਰ. ਅਜੀਤ ਸਿੰਘ ਨੂੰ ਵੀ ਬਰਮਾ ਦੇ ਮਾਡਲੇ ਸ਼ਹਿਰ ਵਿਚ ਜਲਾਵਤਨ ਕਰ ਦਿੱਤਾ ਸੀ ਪਰੰਤੂ ਬੇਹਿਸਾਬੇ ਜਨਤਕ ਦਬਾਅ ਅਤੇ ਭਾਰਤੀ ਫੌਜ ਵਿਚ ਬੇਚੈਨੀ ਤੇ ਬਗਾਵਤ ਹੋ ਜਾਣ ਦੇ ਡਰੋਂ ਅਕਤੂਬਰ 1907 ਵਿਚ ਇਨ੍ਹਾਂ ਦੀ ਮੁੜ ਦੇਸ਼ ਵਾਪਸੀ ਸੰਭਵ ਹੋ ਸਕੀ। ਮੇਰੇ ਸੁਹਿਰਦ ਪਾਠਕੋ! ਤੁਸੀਂ ਜਾਣ ਗਏ ਹੋਵੋਗੇ ਕਿ ਸਰਕਾਰ ਵੱਲੋਂ ਮਿਲੇ ਮਿਹਣੇ ਕਿ ਪੰਜਾਬੀਆਂ (ਨਹੀਂ, ਖਾਲਿਸਤਾਨੀਆਂ ਤੇ ਅਤਿਵਾਦੀਆਂ) ਨੇ ਹੀ ਇਨ੍ਹਾਂ ਨਵੇਂ ਅਤੇ ਮਾਰੂ ਕਾਨੂੰਨਾਂ ਖ਼ਿਲਾਫ਼ ਬਗਾਵਤੀ ਝੰਡਾ ਚੁੱਕਿਆ ਹੈ, ਨੂੰ ਸਾਡੀ ਜੰਗਜੂ ਤੇ ਅਮਰ ਵਿਰਾਸਤ ਨਾਲ ਜੋੜ ਦਿੰਦਾ ਹੈ ਜਿੱਥੇ 1906 ਵਿਚ ਇਕੱਲੇ ਅਜੀਤ ਸਿੰਘ ਹੀ ਅੰਗਰੇਜ਼ ਹਕੂਮਤ ਨਾਲ ਟੱਕਰ ਲੈਣ ਲਈ ਆਣ ਡਟੇ ਸਨ। ਅੱਜ ਤਾਂ ਪੰਜਾਬ ਦਾ ਬੱਚਾ-ਬੱਚਾ ਮੋਰਚਿਆਂ ’ਚ ਹੈ, ਦੇਸ਼ ਦੀ ਅਗਵਾਈ ਕਰ ਰਿਹਾ ਹੈ ਤੇ ਪੂਰੇ ਭਾਰਤ ਦੇ ਕਿਰਸਾਨਾਂ ਨੂੰ ਲਾਮਬੰਦ ਕਰ ਰਿਹਾ ਹੈ। ਅਜੋਕੇ ਭਾਰਤੀ ਅਤੇ ਵਿਸ਼ਵ ਵਿਆਪੀ ਨੌਜਵਾਨਾਂ ਦਾ ਆਦਰਸ਼, ਹਰਮਨ ਪਿਆਰਾ ਨਾਇਕ ਅਤੇ ਰਾਹ-ਦਸੇਰਾ ਸ਼ਹੀਦ ਭਗਤ ਸਿੰਘ ਪਿਤਾ ਸ੍ਰ. ਕਿਸ਼ਨ ਸਿੰਘ ਤੇ ਚਾਚਾ ਅਜੀਤ ਸਿੰਘ ਨੂੰ ਤੋਤਲੇ ਬੋਲਾਂ ਨਾਲ ਪੁੱਛਿਆ ਕਰਦਾ ਸੀ ਕਿ ‘ਕਣਕ ਬੀਜੋ ਤਾਂ ਕਣਕ ਉੱਗਦੀ ਹੈ, ਦੰਬੂਕਾਂ ਬੀਜੋ ਤਾਂ ਦੰਬੂਕਾਂ ਕਿਉਂ ਨਹੀਂ ਉੱਗਦੀਆਂ? ’ਜੰਮਦੀਆਂ ਸੂਲਾਂ ਦੇ ਮੂੰਹ ਤਿੱਖੇ ਅਨੁਸਾਰ ਭਗਤ ਸਿੰਘ ਨੇ ਉਹ ਕ੍ਰਿਸ਼ਮੇ ਕੀਤੇ, ਜਿਸ ਦੀ ਕਲਪਨਾ ਕਰ ਸਕਣੀ ਵੀ ਮੁਸ਼ਕਿਲ ਹੈ। ਅਠਾਈ ਸਤੰਬਰ 1907 ਨੂੰ ਭਗਤ ਸਿੰਘ ਦਾ ਜਨਮ ਹੋਇਆ ਤੇ ਅਕਤੂਬਰ 1907 ਨੂੰ ਚਾਚਾ ਜੀ ਬਰਮਾ ਦੀ ਜਲਾਵਤਨੀ ਤੋਂ ਆਜ਼ਾਦ ਹੋਏ। ਜ਼ਾਹਿਰ ਹੈ ਕਿ ਚੌਗਿਰਦੇ ’ਤੇ ਅਸਰ ਪੈਣਾ ਲਾਜ਼ਮੀ ਸੀ। ਸ੍ਰ. ਅਜੀਤ ਸਿੰਘ ਨੇ ਘਰ ਵਾਪਸੀ ਉਪਰੰਤ, ਕੁੱਝ ਸਮਾਂ ਇਸ ਨੰਨ੍ਹੇ ਦੁਲਾਰੇ ਨੂੰ ਲਾਡ ਲਡਾਏ ਪਰੰਤੂ ਜੱਟਾਂ ਦੀ ਗਵਾਚੀ ਪਗੜੀ ਦੀ ਸੰਭਾਲ ਲਈ ਹਾਲੇ ਲੰਮੇ ਸੰਘਰਸ਼ ਉਨ੍ਹਾਂ ਦੀ ਸ਼ਿੱਦਤ ਭਰੀ ਉਡੀਕ ਕਰ ਰਹੇ ਸਨ। ਬਰਤਾਨਵੀ ਹਕੂਮਤ ਲਗਾਤਾਰ ਉਨ੍ਹਾਂ ਦੀਆਂ ਸਰਗਰਮੀਆਂ ਘੋਖ ਰਹੀ ਸੀ ਤੇ ਕਾਲ ਕੋਠੜੀ ਵਿਚ ਪਾਉਣ ਦੇ ਬਹਾਨੇ ਲੱਭ ਰਹੀ ਸੀ। ਇਸੇ ਲਈ ਆਪਣੇ ਇਕ ਦੇਸ਼ ਭਗਤ ਸਾਥੀ ਅੰਬਾ ਪ੍ਰਸਾਦ ਨਾਲ 1909 ਵਿਚ ਉਹ ਈਰਾਨ ਵਲ ਨਿਕਲ ਗਏ ਅਤੇ ਪੂਰੇ ਅਠੱਤੀ ਵਰ੍ਹੇ ਵਿਦੇਸ਼ੀ ਧਰਤੀਆਂ ’ਤੇ ਦੇਸ਼ ਦੀ ਆਜ਼ਾਦੀ ਦੀ ਬਾਲੀ ਜਾ ਰਹੀ ਸ਼ਮਾਂ ਵਿਚ ਤੇਲ ਪਾਉਂਦੇ ਰਹੇ। ਇਹੋ ਸਮਾਂ ਬਾਹਰਲੀਆਂ ਧਰਤੀਆਂ ’ਤੇ ਗ਼ਦਰ ਲਹਿਰ ਦੀ ਆਰੰਭਤਾ ਦਾ ਸੀ। ਦੇਸ਼ ਦੀ ਆਜ਼ਾਦੀ ਵਾਲੇ ਦਿਨ ਭਾਵ 15 ਅਗਸਤ 1947 ਨੂੰ ਸ੍ਰ. ਅਜੀਤ ਸਿੰਘ ਡਲਹੌਜੀ ਵਿਖੇ ਸਭ ਨੂੰ ਸਦੀਵੀ ਵਿਛੋੜਾ ਦੇ ਗਏ। ਕਾਸ਼ ਕਿ ਉਹ ਓਸ ਆਜ਼ਾਦ ਦੇਸ਼ ਦੀਆਂ ਖੁੱਲੀਆਂ ਫਿਜ਼ਾਵਾਂ ਵਿਚ ਕੁਝ ਸਾਹ ਤਾਂ ਲੈ ਸਕਦੇ ਜਿਹਦੇ ਲਈ ਉਨ੍ਹਾਂ ਨੇ ‘ਪਗੜੀ ਸੰਭਾਲ ਜੱਟਾ’ ਮੁਹਿੰਮ ਵਿੱਢੀ ਸੀ ਤੇ ਉਸ ਦਾ ਨੌਜਵਾਨ ਭਤੀਜਾ ਸ੍ਰ. ਭਗਤ ਸਿੰਘ ਇਸ ਦੇਸ਼ ਦੀ ਆਜ਼ਾਦੀ ਖ਼ਾਤਿਰ ਫਾਂਸੀਆਂ ਦੇ ਫੰਦੇ ਚੁੰਮ ਚੁੱਕਾ ਸੀ। ਇਕ ਵਾਰ ਫੇਰ ਇਕੱਲੇ ਪੰਜਾਬ ਦੀ ਕਿਰਸਾਨੀ ਹੀ ਨਹੀਂ ਸਗੋਂ ਸਮੁੱਚੇ ਦੇਸ਼ ਦੀ ਕਿਰਸਾਨੀ ਮੋਰਚਿਆਂ ’ਤੇ ਆਣ ਡਟੀ ਹੈ-ਆਪਣੇ ਖੋਹੇ ਜਾ ਰਹੇ ਹੱਕਾਂ ਦੀ ਵਾਪਸੀ ਲਈ। ਇਹ ‘ਪੱਗੜੀ ਸੰਭਾਲ ਜੱਟਾ!’ ਲਹਿਰ ਦਾ ਅਜੋਕਾ ਰੂਪ ਹੈ ਜਿਹੜਾ ਸ੍ਰ. ਅਜੀਤ ਸਿੰਘ ਤੇ ਸ਼ਹੀਦ ਭਗਤ ਸਿੰਘ ਦੇ ਵਾਰਸਾਂ ਨੇ ਦੇਸ਼ ਦੀ ਅੜੀਅਲ ਸਰਕਾਰ ਵਿਰੁੱਧ ਆਰੰਭਿਆ ਹੈ। ਸਾਡੇ ਅੰਨਦਾਤਾ ਆਰ-ਪਾਰ ਦੀ ਲੜਾਈ ਕਰ ਰਹੇ ਹਨ। ਮੁਲਕ ਦੇ ਕਈ ਅੰਦੋਲਨ ਪਿਛਲੇ ਸਮਿਆਂ ਵਿਚ ਕੁਚਲ ਦਿੱਤੇ ਗਏ ਸਨ ਪਰ ਇਹ ਮੁਹਿੰਮ ਜੋਸ਼ ਤੇ ਹੋਸ਼ ਦਾ ਸੁਮੇਲ ਹੈ। ਰੱਬ ਖ਼ੈਰ ਕਰੇ! ਪਰਮਾਤਮਾ ਸੰਘਰਸ਼ਸ਼ੀਲ ਵੀਰਾਂ ਦੀ ਮਿਹਨਤ ਰੰਗ ਲਿਆਵੇ!

# ਪੰਜਾਬੀਆਂ ਦੇ ਸੱਭਿਆਚਾਰਕ ਅਵਚੇਤਨ ’ਚ ਦਿੱਲੀ

ਪ੍ਰੋ. ਰਾਜਿੰਦਰ ਪਾਲ ਸਿੰਘ

ਪੰਜਾਬ ਕਈ ਦਹਾਕਿਆਂ ਤੋਂ ਬਹੁਪੱਖੀ ਸੰਕਟਾਂ ਵਿਚੋਂ ਲੰਘ ਰਿਹਾ ਹੈ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਇੱਕ ਵਾਰ ਔਖੇ-ਸੌਖੇ ਪੰਜਾਬੀ ਵੰਡ ਦੀ ਮਾਰ ਝੱਲ ਗਏ ਸਨ। ਭੁੱਖਮਰੀ ਦੇ ਸ਼ਿਕਾਰ ਦੇਸ਼ ਨੂੰ ਆਨਾਜ ਦੀ ਲੋੜ ਸੀ, ਪੰਜਾਬੀਆਂ ਦੀ ਮਿਹਨਤ ਅਤੇ ਨਵੀਆਂ ਤਕਨੀਕਾਂ ਨਾਲ ਹਰੇ ਇਨਕਲਾਬ ਦੀ ਲਹਿਰ ਆਈ, ਜਿਸ ਦਾ ਕੁਝ ਫਾਇਦਾ ਪੰਜਾਬੀਆਂ ਨੂੰ ਵੀ ਮਿਲਿਆ ਸੀ। ਪੰਜਾਬੀ ਸੂਬਾ ਬਣਨ ਨਾਲ ਇੱਕ ਵਾਰ ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਦੀ ਸਰਕਾਰੀ ਪੁੱਛ ਗਿੱਛ ਵਧੀ ਅਤੇ ਪੰਜਾਬ ਵੱਧ ਆਮਦਨ ਵਾਲਾ ਮੋਹਰੀ ਸੂਬਾ ਬਣਿਆ ਪਰ ਬਾਅਦ ਵਿਚ ਹਰਾ ਇਨਕਲਾਬ ਪੀਲਾ ਪੈਣ ਲੱਗਿਆ। ਪਹਿਲਾਂ ਪੰਜਾਬ ਸੰਕਟ ਨੇ ਪੰਜਾਬ ਨੂੰ ਦੁੱਖਾਂ ਵਿਚ ਪਾਇਆ, ਉਪਰੋਂ ਸੰਸਾਰੀਕਰਨ ਅਧੀਨ ਨਿੱਜੀਕਰਨ ਅਤੇ ਵਪਾਰੀਕਰਨ ਦੀ ਲਹਿਰ ਨਾਲ ਪਿੰਡ ਕੇਂਦਰਤ ਸੱਭਿਆਚਾਰ ਟੁੱਟਣ ਲੱਗਿਆ। ਪੰਜਾਬੀ ਰਵਾਇਤੀ ਪਿੰਡ ਆਧਾਰਿਤ ਖੇਤੀਬਾੜੀ ਵਾਲੀ ਜੀਵਨ ਜਾਚ ਛੱਡਣ ਲੱਗੇ। ਸ਼ਹਿਰਾਂ ਅਤੇ ਵਿਦੇਸ਼ਾਂ ਵੱਲ ਪਰਵਾਸ ਵਧਿਆ। ਸਿੱਖਿਆ ਦਾ ਪਸਾਰ ਹੋਇਆ ਪਰ ਸਨਅਤ ਅਤੇ ਸੇਵਾ ਸੈਕਟਰ ਦਾ ਵਿਸਤਾਰ ਨਾ ਹੋਇਆ। ਇਸ ਨਾਲ ਬੇਰੁਜ਼ਗਾਰੀ ਵਧ ਗਈ, ਖ਼ਪਤ ਸੱਭਿਆਚਾਰ ਫੈਲ ਗਿਆ, ਨਸ਼ਿਆਂ ਦੀ ਭਰਮਾਰ ਹੋ ਗਈ। ਕੇਂਦਰ ਸਰਕਾਰ ਦੇ ਨੋਟਬੰਦੀ ਅਤੇ ਜੀਐੱਸਟੀ ਵਰਗੇ ਫ਼ੈਸਲਿਆਂ ਨੇ ਹਰ ਕਾਰੋਬਾਰ ਨੂੰ ਨੁਕਸਾਨ ਪਹੁੰਚਾਇਆ। ਪੰਜਾਬੀ ਅਜਿਹੇ ਝੰਬੇ ਕਿ ਇੱਕ ਵਾਰ ਤਾਂ ਲੱਗਣ ਲੱਗ ਪਿਆ ਕਿ ਪੰਜਾਬ ਦੀ ਰਵਾਇਤੀ ਗੁਣ ਹਿੰਮਤ, ਮਿਹਨਤ, ਆਪਣੇ ਹੀ ਨਹੀਂ, ਦੂਸਰਿਆਂ ਦੇ ਵੀ ਹੱਕਾਂ ਲਈ ਲੜਨ ਦਾ ਜਜ਼ਬਾ, ਜਬਰ ਨੂੰ ਸਬਰ ਨਾਲ ਸਹਿਣ ਦੀ ਸ਼ਕਤੀ, ਲੜਾਈ ਸਮੇਂ ਜਾਨ ਤਕ ਦੀ ਪ੍ਰਵਾਹ ਨਾ ਕਰਨਾ ਅਤੇ ਸਰਬੱਤ ਦਾ ਭਲਾ ਚਾਹੁਣ ਵਾਲੀਆਂ ਸਾਰੀਆਂ ਕਦਰਾਂ ਕੀਮਤਾਂ ਖ਼ਤਮ ਹੋ ਗਈਆਂ ਹਨ। ਕੋਰੋਨਾ ਕਾਲ ਦੌਰਾਨ ਤਿੰਨ ਖੇਤੀ ਬਿੱਲਾਂ ਨੇ ਪੰਜਾਬ ਨੂੰ ਜਗਾ ਦਿੱਤਾ ਅਤੇ ਉਹ ਲੰਮੇ ਸੰਘਰਸ਼ ਦੇ ਰਾਹ ਨਹੀਂ ਤੁਰਿਆ ਸਗੋਂ ਉਸ ਨੇ ਆਪਣੇ ਸੱਭਿਆਚਾਰਕ ਮੁੱਲਾਂ ਨੂੰ ਵੀ ਮੁੜ ਕਾਇਮ ਕਰ ਲਿਆ ਹੈ, ਪੰਜਾਬੀ ਆਪਣੇ ਹੱਕਾਂ ਲਈ ਲੰਮਾ ਆਪਾ ਵਾਰੂ ਸੰਘਰਸ਼ ਕਰ ਸਕਦੇ ਹਨ। ਪੰਜਾਬ ਦੀ ਇਹ ਪਰੰਪਰਾ ਰਹੀ ਹੈ ਕਿ ਛੇਤੀ ਕੀਤੇ ਛੋਟੇ ਧੱਕੇ ਨੂੰ ਅਣਗੌਲਿਆਂ ਕਰ ਜਾਂਦੇ ਹਨ। ਇਸ ਸੁਭਾਅ ਦਾ ਮੂਲ ਖੇਤੀ ਆਧਾਰਿਤ ਜੀਵਨ ਜਾਚ ਵਿਚ ਪਿਆ ਹੈ। ਖੇਤੀ ਵਿਚ ਵਪਾਰ ਵਾਂਗ ਤੁਰੰਤ ਨਫ਼ਾ ਨੁਕਸਾਨ ਨਹੀਂ ਸੋਚਿਆ ਜਾਂਦਾ ਅਤੇ ਨਾ ਹੀ ਸੋਚਿਆ ਜਾ ਸਕਦਾ ਹੈ। ਇੱਥੇ ਬਹੁਤ ਲੰਮੇ ਸਮੇਂ ਦੀ ਉਦਯੋਗਕ ਵਿਉਂਤਬੰਦੀ ਵੀ ਨਹੀਂ ਚੱਲਦੀ ਕਿਉਂਕਿ ਬਹੁਤ ਕੁਝ ਕੁਦਰਤ ’ਤੇ ਨਿਰਭਰ ਹੁੰਦਾ ਹੈ। ਇੱਕ ਫ਼ਸਲ ਪੱਕਣ ਵਿਚ ਔਸਤਨ, ਘੱਟੋ-ਘੱਟ ਅੱਧਾ ਸਾਲ ਲੈ ਜਾਂਦੀ ਹੈ। ਇਸ ਲਈ ਸਬਰ, ਸੰਤੋਖ ਅਤੇ ਛੋਟੀ ਗੱਲ ਨੂੰ ਬਹੁਤਾ ਦਿਲ ’ਤੇ ਨਾ ਲਾਉਣਾ ਖੇਤੀ ਕਿੱਤਾ ਕਰਨ ਵਾਲਿਆਂ ਦੀ ਨਹੀਂ ਅੱਗੋਂ ਹੋਰ ਕਿੱਤੇ ਵਾਲਿਆਂ ਦੇ ਨਾਲੋ-ਨਾਲ ਸਾਰੇ ਭਾਈਚਾਰੇ ਦਾ ਹੀ ਸੁਭਾਅ ਬਣ ਗਿਆ ਹੈ ਪਰ ਅਜਿਹੇ ਸੱਭਿਆਚਾਰ ਨੂੰ ਜਦੋਂ ਯਕੀਨ ਹੋ ਜਾਵੇ ਕਿ ਸਾਡੀ ਹੋਂਦ ਖ਼ਤਰੇ ਵਿਚ ਹੈ ਤੇ ਸਾਡੇ ਜੀਵਨ ਦਾ ਆਧਾਰ ਜ਼ਮੀਨ ਖੁੱਸਣ ਲੱਗੀ ਹੈ ਤਾਂ ਇਹ ਪੈਰ ਗੱਡ ਕੇ ਲੜਦਾ ਹੈ ਅਤੇ ਉਸ ਨੇ ਇਹ ਪੈਰ ਗੱਡਵੀਂ ਲੜਾਈ ਸ਼ੁਰੂ ਕਰ ਦਿੱਤੀ ਹੈ। ਪੰਜਾਬੀਆਂ ਦੇ ਅਵਚੇਤਨ ਵਿਚ ਦਿੱਲੀ ਧੱਕੇਸ਼ਾਹੀ ਕਰਨ ਵਾਲੇ ਹਾਕਮਾਂ ਦੇ ਚਿੰਨ੍ਹ ਵਜੋਂ ਖੁੱਭੀ ਹੋਈ ਹੈ, ਜਿਸ ਦੇ ਆਪਣੇ ਇਤਿਹਾਸਕ ਕਾਰਨ ਹਨ। ਪੰਜਾਬ ਦਾ ਬਾਗ਼ੀ ਨਾਇਕ ਦੁੱਲਾ ਲਲਕਾਰਦਾ ਹੈ- ਮੈਂ ਢਾਹਾਂ ਦਿੱਲੀ ਦੇ ਕਿੰਗਰੇ। ਪਹਿਲੇ ਗੁਰੂ ਸਾਹਿਬ ਨੂੰ ਜੇਲ੍ਹ ਵਿਚ ਬੰਦ ਕਰਨ ਤੇ ਪੰਜਾਬ ਨੂੰ ਲਤਾੜਨ ਵਾਲਾ ਬਾਬਰ ਦਿੱਲੀ ਦੀ ਮੁਗ਼ਲ ਹਕੂਮਤ ਦਾ ਬਾਨੀ ਸੀ। ਪੰਜਵੇਂ ਪਾਤਿਸ਼ਾਹ ਨੂੰ ਸ਼ਹੀਦ ਕਰਨ ਦੇ ਹੁਕਮ ਦੇਣ ਵਾਲਾ ਜਹਾਂਗੀਰ ਦਿੱਲੀ ਦੇ ਤਖ਼ਤ ’ਤੇ ਕਾਬਜ਼ ਸੀ। ਛੇਵੇਂ ਪਾਤਸ਼ਾਹ ਨੂੰ ਕੈਦ ਵੀ ਦਿੱਲੀ ਦੇ ਕਾਬਜ਼ ਮੁਗਲਾਂ ਨੇ ਕੀਤਾ ਸੀ। ਨੌਵੇਂ ਪਾਤਸ਼ਾਹ ਦੀ ਸ਼ਹੀਦੀ ਵੀ ਦਿੱਲੀ ਵਿਚ ਹੋਈ ਸੀ। ਦਸਮੇਸ਼ ਪਿਤਾ ਦੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨਾ ਵਾਲਾ ਵੀ ਦਿੱਲੀ ਦਾ ਤਾਬੇਦਾਰ ਸੀ। ਬੰਦਾ ਬਹਾਦਰ ਦੇ ਸਾਥੀਆਂ ਨੂੰ ਦਿੱਲੀ ਵਿਚ ਸ਼ਹੀਦ ਕੀਤਾ ਸੀ। ਮਿਸਲਾਂ ਬਣੀਆਂ ਤਾਂ ਪਹਿਲੀ ਵਾਰ ਸਿੰਘਾਂ ਨੇ ਦਿੱਲੀ ਜਿੱਤੀ ਸੀ। ਪੰਜਾਬੀਆਂ ਨੂੰ ਲੱਗਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੀ ਅੰਗਰੇਜ਼ਾਂ ਨਾਲ ਲੜਾਈ ਪੰਜਾਬ ਦੀ ਹਿੰਦ ਨਾਲ ਲੜਾਈ ਸੀ। ਅੰਗਰੇਜ਼ਾਂ ਦੀ ਗੁਲਾਮੀ ਸਮੇਂ ਭਗਤ ਸਿੰਘ ਨੂੰ ਅਸੈਂਬਲੀ ਵਿਚ ਬੋਲ਼ੇ ਕੰਨਾਂ ਤਕ ਸੁਣਾਉਣ ਲਈ ਦਿੱਲੀ ਬੰਬ ਸੁੱਟਣਾ ਪਿਆ ਸੀ। ਭਾਰਤ ਦੀ ਆਜ਼ਾਦੀ ਤੋਂ ਬਾਅਦ ਵੀ ਕਦੇ ਪੰਜਾਬੀ ਸੂਬਾ ਬਣਾਉਣ ਲਈ, ਕਦੇ ਐਮਰਜੈਂਸੀ ਦਾ ਵਿਰੋਧ ਕਰਨ ਲਈ, ਕਦੇ ਵੱਧ ਅਧਿਕਾਰਾਂ ਲਈ ਲਗਾਤਾਰ ਪੰਜਾਬ ਵੱਲੋਂ ਦਿੱਲੀ ਖ਼ਿਲਾਫ਼ ਮੋਰਚੇ ਲੱਗਦੇ ਰਹੇ ਹਨ। ਇਸੇ ਵਿਚੋਂ ਪ੍ਰਕਾਸ਼ ਸਿੰਘ ਬਾਦਲ ਦਾ ਮਨਪਸੰਦ ਪੱਕਾ ਰਾਗ ‘ਕੇਂਦਰ ਧੱਕਾ ਕਰਦਾ’ ਨਿਕਲਿਆ ਸੀ; ਇਸੇ ਰਾਗ ਨੇ ਉਸ ਨੂੰ ਰਾਜ ਭਾਗ ਦਿਵਾਇਆ। ਜਦੋਂ ਹੀ ਰਾਗ ਛੱਡਿਆ, ਪੰਜਾਬ ਦੇ ਲੋਕਾਂ ਦੇ ਮੂੰਹੋਂ ਲਹਿ ਗਿਆ। ਹੁਣ ਮੁੜ ਉਸੇ ਰਾਗ ਦੀ ਤਲਾਸ਼ ਵਿਚ ਹੈ। ਨਕਸਲਬਾੜੀ ਦੌਰ ਦਾ ਇਨਕਲਾਬੀ ਕਵੀ ਪਾਸ਼ ਆਖਦਾ ਹੈ: ‘ਸ਼ਹਿਰਾਂ ਵਿਚ ਮੈਂ ਥਾਂ ਥਾਂ ਕੋਝ ਦੇਖਿਆ/ਪ੍ਰਕਾਸ਼ਨਾਂ ਵਿਚ, ਕੈਫਿਆਂ ਵਿਚ/ਦਫਤਰਾਂ ਤੇ ਥਾਣਿਆਂ ਵਿਚ/ਅਤੇ ਮੈਂ ਦੇਖਿਆ, ਇਹ ਕੋਝ ਦੀ ਨਦੀ/ਦਿੱਲੀ ਦੇ ਗੋਲ ਪਰਬਤ ਵਿਚੋਂ ਸਿੰਮਦੀ ਹੈ/ਅਤੇ ਉਸ ਗੋਲ ਪਰਬਤ ਵਿਚ ਸੁਰਾਖ ਕਰਨ ਲਈ/ਮੈਂ ਕੋਝ ਵਿਚ ਵੜਿਆ/ਕੋਝ ਸੰਗ ਲੜਿਆ/ਤੇ ਕਈ ਲਹੂ-ਲੁਹਾਨ ਵਰ੍ਹਿਆਂ ਕੋਲੋਂ ਲੰਘਿਆ/ਤੇ ਹੁਣ ਮੈਂ ਚਿਹਰੇ ਉਤੇ ਯੁੱਧ ਦੇ ਨਿਸ਼ਾਨ ਲੈ ਕੇ/ਦੋ ਘੜੀ ਲਈ ਪਿੰਡ ਆਇਆ ਹਾਂ’। ਇਕ ਹੋਰ ਇਨਕਲਾਬੀ ਸ਼ਾਇਰ ਸੰਤ ਰਾਮ ਉਦਾਸੀ ਆਖਦਾ ਹੈ: ‘ਦਿੱਲੀਏ ਦਿਆਲਾ ਦੇਖ ਦੇਗ ਵਿਚ ਉਬਲਦਾ, ਨੀ ਅਜੇ ਤੇਰਾ ਦਿਲ ਨਾ ਠਰੇ/ਪਿੰਡਾਂ ਵਿਚੋਂ ਤੁਰੇ ਹੋਏ ਪੁੱਤ ਨੀਂ ਬਹਾਦਰਾਂ ਦੇ, ਤੇਰੇ ਮਹਿਲੀਂ ਵੜੇ ਕਿ ਵੜੇ’। ਦਰਸ਼ਨ ਖਟਕੜ ਹੁਣ ਤਕ ਦਿੱਲੀ ਲਾਲ ਕਿਲ੍ਹੇ ਦੇ ਕਵੀ ਦਰਬਾਰ ’ਤੇ ਨਹੀਂ ਜਾਂਦਾ। ਸਭ ਤੋਂ ਨੇੜੇ ਦਾ ਦੁਖਾਂਤ ਹੈ ਕਿ ਦਿੱਲੀ ਦੀ ਕੇਂਦਰ ਸਰਕਾਰ ਨੇ ਹਰਿਮੰਦਰ ਸਾਹਿਬ ’ਤੇ ਹਮਲਾ ਕੀਤਾ ਤੇ ਬਾਅਦ ਵਿਚ ਹਮਲੇ ਲਈ ਜ਼ਿੰਮੇਵਾਰ ਸਮਝੀ ਗਈ ਇੰਦਰਾ ਗਾਂਧੀ ਦੇ ਕਤਲ ਬਾਅਦ ਦਿੱਲੀ ’ਚ ਕਤਲੇਆਮ ਹੋਇਆ। ਸੋ, ਪੰਜਾਬੀਆਂ ਕੋਲ ਦਿੱਲੀ ਨਾਲ ਕੋਈ ਬਹੁਤਾ ਚੰਗਾ ਅਨੁਭਵ ਨਹੀਂ ਹੈ। ਗਿਆਨੀ ਜ਼ੈਲ ਸਿੰਘ ਦੇ ਰਾਸ਼ਟਰਪਤੀ ਬਣਨ ਨਾਲ ਕਈ ਪੰਜਾਬੀਆਂ ਨੂੰ ਦਿੱਲੀ ਆਪਣੀ ਲੱਗਣ ਲੱਗੀ ਸੀ ਤਾਂ ਦਿੱਲੀ ਕਤਲੇਆਮ ਨੇ ਸਭ ਕੁਝ ਖ਼ਤਮ ਕਰ ਦਿੱਤਾ। ਇੰਜ ਹੀ ਇੰਦਰ ਕੁਮਾਰ ਗੁਜਰਾਲ ਅਤੇ ਮਨਮੋਹਨ ਸਿੰਘ ਦੇ ਸਮੇਂ ਦਿੱਲੀ ਨਾਲ ਕੁਝ ਵਿਰੋਧ ਘਟਿਆ ਸੀ ਪਰ ਦਿੱਲੀ ਬੈਠੇ ਕੁਝ ਵਜ਼ੀਰਾਂ ਅਤੇ ਵੱਡੇ ਅਫ਼ਸਰਾਂ ਨੂੰ ਦਿੱਲੀ ਆਪਣੀ ਲੱਗਦੀ ਹੋ ਸਕਦੀ ਹੈ ਪਰ ਬਹੁਗਿਣਤੀ ਪੰਜਾਬੀਆਂ ਨੂੰ ਦਿੱਲੀ ਦਾ ਕਦੀ ਜ਼ਿਆਦਾ ਮੋਹ ਨਹੀਂ ਰਿਹਾ, ਭਾਵੇਂ ਦਿੱਲੀ ਵਿਚ ਪੰਜਾਬੀਆਂ ਦੀ ਕਾਫ਼ੀ ਵਸੋਂ ਹੈ। ਇਸ ਦੇ ਉਲਟ ਮੁਗਲ ਹਮਲਾਵਰ ਆਏ ਤਾਂ ਕਾਬਲ-ਕੰਧਾਰ (ਅਫਗਾਨਿਸਤਾਨ) ਵੱਲੋਂ ਸੀ ਪਰ ਪੰਜਾਬੀਆਂ ਨੂੰ ਪਾਕਿਸਤਾਨ ਤੋਂ ਕਦੇ ਡਰ ਨਹੀਂ ਲੱਗਿਆ ਸਗੋਂ ਨਨਕਾਣਾ ਸਾਹਿਬ, ਪੰਜਾ ਸਾਹਿਬ, ਕਰਤਾਰਪੁਰ, ਮੁਲਤਾਨ, ਕਸੂਰ ਨਾਲ ਤਾਂ ਸਾਡੇ ਗੁਰੂ ਪੀਰ ਜੁੜੇ ਹਨ ਸਗੋਂ ਲਾਹੌਰ ਨਾਲ ਰਾਜਭਾਗ ਵੀ ਜੁੜਿਆ ਹੋਇਆ ਹੈ। ਪਾਕਿਸਤਾਨ ਨਾਲ ਸਾਡੀਆਂ ਜੰਗਾਂ ਵੀ ਹੋਈਆਂ, ਭਾਰਤੀ ਪੰਜਾਬ ਦੇ ਪੰਜਾਬੀਆਂ ਨੇ ਹਿੱਕ ਡਾਹ ਕੇ ਲੜਾਈਆਂ ਲੜੀਆਂ ਪਰ ਇਹ ਸ਼ਰੀਕਾਂ ਵਾਲੀ ਲੜਾਈ ਹੈ। ਇੱਥੋਂ ਤਕ ਕਿ ਕਿਸਾਨ ਸੰਘਰਸ਼ ਦੌਰਾਨ ਵੀ ਇੱਕ ਪੰਜਾਬੀ ਜਵਾਨ ਸਰਹੱਦੀ ਗੋਲਾਬਾਰੀ ਵਿਚ ਜਵਾਨ ਸ਼ਹੀਦ ਹੋਇਆ ਜਿਸ ਦਾ ਬਾਪ ਕਿਸਾਨ ਮੋਰਚੇ ਵਿਚ ਗਿਆ ਹੋਇਆ ਸੀ। ਦਿੱਲੀ ਪੰਜਾਬੀਆਂ ਲਈ ਜਾਬਰ, ਵਿਸ਼ਵਾਸਘਾਤੀ, ਚਲਾਕ ਵਜੋਂ ਚਿੰਨ੍ਹਤ ਹੈ। ਆਜ਼ਾਦੀ ਦਿਵਸ, ਗਣਤੰਤਰਤਾ ਦਿਵਸ ਦੀਆਂ ਪਰੇਡਾਂ ਵਿਚ ਹਿੱਸੇਦਾਰੀ, ਕਵੀ ਦਰਬਾਰ ਵਿਚ ਜਾਣਾ ਜਾਂ ਕੁਝ ਵਿਅਕਤੀਆਂ ਜਾਂ ਪਾਰਟੀ ਪੱਧਰ ’ਤੇ ਸਰਕਾਰੀ ਸੰਵਿਧਾਨਕ ਅਹੁਦੇਦਾਰੀਆਂ ਬਹੁਤੇ ਪੰਜਾਬੀਆਂ ਦੇ ਮਨਾਂ ਵਿਚ ਗੌਰਵ ਨਹੀਂ ਜਗਾਉਂਦੀਆਂ।

### 31 ਅਗਸਤ ਜਨਮ ਦਿਨ ਤੇ ਵਿਸ਼ੇਸ਼

# ਹਰ ਵਿਧਾ ਵਿਚ ਲਿਖਣ ਵਾਲੀ ਸਾਹਿਤਕਾਰ ਅੰਮ੍ਰਿਤਾ ਪ੍ਰੀਤਮ

ਪੰਜਾਬੀ ਲੇਖਕ,ਕਵੀ, ਨਾਵਲਕਾਰ ਅਤੇ ਵਰਤਕਕਾਰ ਅੰਮ੍ਰਿਤਾ ਪ੍ਰੀਤਮ ਦਾ ਜਨਮ 31 ਅਗਸਤ 1919 ਨੂੰ ਗਿਆਨੀ ਕਰਤਾਰ ਸਿੰਘ ਹਿਤਕਾਰੀ ਦੇ ਘਰ ਮਾਤਾ ਰਾਜ ਕੌਰ ਦੀ ਕੁਖੋਂ ਮੰਡੀ ਬਹਾਉਦੀਨ ਗੁਜਰਾਂਵਾਲਾ (ਪਾਕਿਸਤਾਨ) ਵਿਚ ਹੋਇਆ। ਇਸ ਦੇ ਪਿਤਾ ਇਕ ਚੰਗੇ ਛੰਦ ਸ਼ਾਸਤਰੀ ਸਨ। ਅੰਮ੍ਰਿਤਾ ਨੂੰ ਲਿਖਣ ਦੀ ਚੇਟਕ ਵੀ ਆਪਣੇ ਪਿਤਾ ਕੋਲੋਂ ਪਈ।

ਅੰਮ੍ਰਿਤਾ ਨੇ 1932 ਵਿਚ ਅਠਵੀਂ ਪਾਸ ਕਰ ਲਈ ਸੀ।1933 ਵਿਚ ਇਸ ਨੇ ਗਿਆਨੀ ਪਾਸ ਕਰ ਲਈ ਬਾਅਦ ਵਿਚ 15 ਮਈ 1973 ਨੂੰ ਦਿੱਲੀ ਯੂਨੀਵਰਸਿਟੀ ਵਲੋਂ ਡੀ ਲਿਟ ਦੀ ਆਨਰੇਰੀ ਡਿਗਰੀ ਵੀ ਪ੍ਰਾਪਤ ਕੀਤੀ। ਉਸ ਨੂੰ ਕਈ ਭਸ਼ਾਵਾਂ ਦਾ ਗਿਆਨ ਸੀ।

ਜਦ ਅੰਮ੍ਰਿਤਾ ਚਾਰ ਸਾਲ ਦੀ ਸੀ ਤਾਂ ਇਹਨਾਂ ਦੀ ਮਾਤਾ ਨੇ ਇਸ ਦੀ ਕੁੜਮਈ ਦੂਰ ਦੇ ਰਿਸ਼ਤੇ ਵਿਚ ਭੂਆ ਦੇ ਪੁੱਤਰ ਨਾਲ ਕਰ ਦਿੱਤੀ। ਜਦ ਇਹ ਗਿਆਰਾਂ ਸਾਲ ਦੀ ਹੋਈ ਤਾਂ ਇਸ ਦੀ ਮਾਤਾ ਦੀ ਮੌਤ ਹੋ ਗਈ। ਪਿਤਾ ਨੇ 16 ਸਾਲ ਦੀ ਉਮਰ ਵਿਚ ਇਸ ਦਾ ਵਿਆਹ ਉਸ ਥਾਂ ਹੀ ਕਰਕੇ ਆਪਣੀ ਪਤਨੀ ਦੀ ਜੁਬਾਨ ਪੁਗਾਈ ਅਤੇ ਆਪਣਾ ਫ਼ਰਜ ਨਿਭਾਇਆ।

ਇਹ ਵਿਆਹ 1936 ਵਿਚ ਪ੍ਰੀਤਮ ਸਿੰਘ ਕਵਾਤੜਾ ਨਾਲ ਹੋਇਆ। ਇਸ ਤੋਂ ਬਾਅਦ ਹੀ ਇਸ ਨੇ ਉਪਨਾਮ ਆਪਣੇ ਪਤੀ ਕੋਲੋਂ ਲੈ ਕੇ ਅੰਮ੍ਰਿਤਾ ਪ੍ਰੀਤਮ ਬਣ ਗਈ। ਇਹਨਾਂ ਦੇ ਘਰ ਦੋ ਬੱਚੇ ਪੁੱਤਰ ਨਵਰਾਜ ਅਤੇ ਪੁਤਰੀ ਕੰਦਲਾ ਨੇ ਜਨਮ ਲਿਆ। ਇਹ ਆਪਣੇ ਵਿਆਹੁਤਾ ਜੀਵਨ ਤੋਂ ਖੁਸ਼ ਨਹੀ ਸੀ ਇਸ ਕਰਕੇ 1960 ਵਿਚ ਇਸ ਨੇ ਆਪਣੇ ਪਤੀ ਨੂੰ ਛੱਡ ਦਿੱਤਾ।

1936 ਵਿਚ ਅੰਮ੍ਰਿਤਾ ਨੇ ਲਿਖਣਾ ਸ਼ੁਰੂ ਕੀਤਾ ਜਦ ਇਸ ਦਾ ਪਹਿਲਾ ਕਾਵਿ ਸੰਗ੍ਰਿਹ ਪ੍ਰਕਾਸ਼ਤ ਹੋਇਆ ਉਸ ਟਾਇਮ ਇਸ ਦੀ ਉਮਰ 16 ਸਾਲ ਸੀ।

1947 ਦੀ ਵੰਡ ਵੇਲੇ ਇਹ ਇਧਰ ਆ ਗਈ ਉਸ ਟਾਇਮ ਇਹ 28 ਸਾਲ ਦੀ ਸੀ ਦੇਸ਼ ਦੀ ਵੰਡ ਨੂੰ ਇਸ ਨੇ ਆਪਣੇ ਪਿੰਡੇ ਤੇ ਹੰਡਾਇਆ। ਲਾਸ਼ਾਂ ਦੇ ਲੱਗੇ ਢੇਰ ਅੰਮ੍ਰਿਤਾ ਪ੍ਰੀਤਮ ਦੇ ਮਨ ਤੇ ਘਰ ਕਰ ਗਏ ਇਹਨਾਂ ਤੋਂ ਪ੍ਰਭਾਵਿਤ ਹੋ ਕੇ ਇਸ ਨੇ ਵਾਰਿਸ ਸ਼ਾਹ ਨੂੰ ਮੁਖ਼ਾਤਿਬ ਕਰਕੇ ਇਕ ਕਵਿਤਾ ਲਿਖੀ-

--ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ !
ਤੇ ਅੱਜ ਕਿਤਾਬੇ-ਇਸ਼ਕ ਦਾ ਕੋਈ ਅਗਲਾ ਵਰਕਾ ਫੋਲ !
ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ
ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸ ਸ਼ਾਹ ਨੂੰ ਕਹਿਣ :
ਉਠ ਦਰਦਮੰਦਾ ਦਿਆ ਦਰਦ ਦੀਆ ! ਉਠ ਤੱਕ ਆਪਣਾ ਪੰਜਾਬ
ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ

ਛੇ ਦਹਾਕਿਆਂ ਦੇ ਸਾਹਿਤਕ ਸਫ਼ਰ ਦੌਰਾਨ ਅੰਮ੍ਰਿਤਾ ਨੇ ਕਵਿਤਾ, ਨਾਵਲ , ਜੀਵਨੀ, ਨਿਬੰਧ ਆਦਿ ਵਿਧਾਵਾਂ ਦੇ ਅੰਦਰ 100 ਤੋਂ ਵੱਧ ਕਿਤਾਬਾਂ ਲਿਖੀਆਂ। ਇਹਨਾਂ ਵਿਚ ਪੰਜਾਬੀ ਲੋਕ ਗੀਤਾਂ ਦਾ ਇਕ ਸੰਗ੍ਰਿਹ ਅਤੇ ਆਤਮਕਥਾ ਵੀ ਸ਼ਾਮਲ ਹੈ। ਉਸ ਦੀਆਂ ਕਈ ਕਿਤਾਬਾਂ ਦਾ ਭਾਰਤੀ ਅਤੇ ਵਿਦੇਸ਼ੀ ਭਸ਼ਾਵਾਂ ਵਿਚ ਅਨੁਵਾਦ ਕੀਤਾ ਗਿਆ।

ਅੰਮ੍ਰਿਤਾ ਪ੍ਰੀਤਮ ਨੂੰ 1956 ਵਿਚ ਸੁਨੇਹੜੇ ਕਾਵਿ- ਸੰਗ੍ਰਹਿ ਤੇ ਸਾਹਿਤ ਐਕਡਮੀ ਪੁਰਸਕਾਰ ਮਿਲਿਆ, 1958 ਵਿਚ ਭਾਸ਼ਾ ਵਿਭਾਗ ਵਲੋਂ ਸਨਮਾਨ ਮਿਲਿਆ, 1969 ਵਿਚ ਭਾਰਤ ਸਰਕਾਰ ਵਲੋਂ ਪਦਮ ਸ੍ਰੀ ਨਾਲ ਸਨਮਾਨਿਤ ਕੀਤਾ ਗਿਆ, ਸਾਹਿਤ ਕਲਾ ਪ੍ਰੀਸ਼ਦ ਵਲੋਂ 1974 ਵਿਚ ਇਨਾਮ ਮਿਲਿਆ, ਕੰਨੜ ਸਾਹਿਤ ਸੰਮੇਲਨ ਵਿਚ ਆਪ ਨੂੰ 1978 ਵਿਚ ਇਨਾਮ ਮਿਲਿਆ, 1982 ਵਿਚ ਕਾਗਜ ਅਤੇ ਕੈਨਵਸ ਕਾਵਿ ਸੰਗ੍ਰਹਿ ਤੇ ਗਿਆਨ ਪੀਠ ਐਵਾਰਡ ਮਿਲਿਆ, 1988 ਵਿਚ ਬਲਗਾਰਿਆ ਵੈਰੋਵ ਇਨਾਮ (ਅੰਤਰ ਰਾਸ਼ਟਰੀ) ਮਿਲਿਆ, ਆਪਣੀ ਜਿੰਦਗੀ ਦੇ ਅੰਤਿਮ ਦਿਨਾਂ 2005 ਵਿਚ ਅੰਮ੍ਰਿਤਾ ਪ੍ਰੀਤਮ ਨੂੰ ਭਾਰਤ ਦਾ ਦੂਜਾ ਸਭ ਤੋਂ ਵੱਡਾ ਸਨਮਾਨ ਪਦਮ ਵਿਭੂਸ਼ਣ ਮਿਲਿਆ।




31 ਅਕਤੂਬਰ 2005 ਨੂੰ 86 ਸਾਲ ਦੀ ਉਮਰ ਵਿਚ ਅੰਮ੍ਰਿਤਾ ਪ੍ਰੀਤਮ ਦੀ ਦਿੱਲੀ ਵਿਖੇ ਮੌਤ ਹੋ ਗਈ ਪਰ ਉਹ ਭਾਵੇਂ ਸਾਡੇ ਕੋਲੋਂ ਸਰੀਰਕ ਤੌਰ ਤੇ ਚਲੀ ਗਈ ਹੈ ਪਰ ਉਸ ਦਾ ਲਿਖਿਆ ਸਾਹਿਤ ਦਾ ਵੱਡਮੁੱਲਾ ਸਰਮਾਇਆ ਸਾਡੇ ਕੋਲ ਹੈ।

**ਸੁਖਵਿੰਦਰ ਸਿੰਘ ਮੁੱਲਾਂਪੁਰ**
**+91 9914184794**

# ਅਧਿਆਪਕ ਡਾਇਰੀ ਅਧਿਆਪਕ ਦੀ ਸਖਸ਼ੀਅਤ ਨੂੰ ਦਰਸਾਉਂਦੀ ਹੈ

ਜਦੋਂ ਵੀ ਕੋਈ ਅਧਿਆਪਕ ਬੀ. ਐਂਡ ਦਾ ਕੋਰਸ ਕਰਦਾ ਹੈ ਤਾਂ ਉਸ ਦਾ ਸੁਪਨਾ ਹੁੰਦਾ ਹੈ ਕਿ ਉਹ ਸਭ ਤੋਂ ਚੰਗਾ ਅਧਿਆਪਕ ਬਣੇ ਅਤੇ ਆਪਣੇ ਸਾਰੇ ਗੁਣ ਵਿਦਿਆਰਥੀ ਨੂੰ ਦੇਵੇ। ਅਧਿਆਪਕ ਪੂਰੀ ਲਗਨ ਮਿਹਨਤ ਨਾਲ ਵਿਦਿਆਰਥੀ ਵਿੱਚ ਆਪਣਾ ਸਾਰਾ ਗਿਆਨ ਤਬਦੀਲ ਕਰਦਾ ਹੈ। ਜਦੋਂ ਅਧਿਆਪਕ ਨੌਕਰੀ ਤੇ ਲੱਗ ਜਾਂਦਾ ਹੈ ਤਾਂ ਉਸ ਅਧਿਆਪਕ ਨੂੰ ਹਰ ਰੋਜ਼ ਆਪਣੀ ਡਾਇਰੀ ਲਿਖਣੀ ਹੁੰਦੀ ਹੈ ਅਤੇ ਅਧਿਆਪਕ ਡਾਇਰੀ ਅਧਿਆਪਕ ਦੀ ਸਖਸ਼ੀਅਤ ਨੂੰ ਦਰਸਾਉਂਦੀ ਹੈ। ਅਧਿਆਪਕ ਨੇ ਡਾਇਰੀ ਸਭ ਤੋਂ ਪਹਿਲਾਂ ਜਮਾਤ ਦੀ ਸਮਾਂ - ਸਾਰਨੀ ਲਿਖਣੀ ਹੁੰਦੀ ਹੈ।ਉਸ ਉਪਰੰਤ ਵੱਖ-ਵੱਖ ਜਮਾਤ ਦਾ ਸਿਲੇਬਸ ਨੋਟ ਕਰਨਾ ਹੁੰਦਾ ਹੈ।ਅਧਿਆਪਕ ਡਾਇਰੀ ਵਿੱਚ ਹਰ ਰੋਜ਼ ਜਮਾਤ ਵਿੱਚ ਪੜਾਇਆ ਗਏ ਵਿਸ਼ਾ ਵਸਤੂ ਦੇ ਰੂਪ ਵਿੱਚ ਵਿਦਿਆਰਥੀ ਨੂੰ ਘਰ ਲਈ ਦਿੱਤਾ ਕੰਮ,ਗੈਰ ਹਾਜ਼ਰ ਵਿਦਿਆਰਥੀਆਂ ਦੀ ਗਿਣਤੀ,ਹਾਜ਼ਰ ਵਿਦਿਆਰਥੀਆਂ ਦੀ ਗਿਣਤੀ,ਵਿਸ਼ਾ,ਪੀਰੀਅਡ ਆਦਿ ਦਾ ਵੇਰਵਾ ਦੇਣਾ ਹੁੰਦਾ ਹੈ।ਅਰਥਾਤ ਅਧਿਆਪਕ ਨੇ ਇਸ ਡਾਇਰੀ ਵਿੱਚ ਵਿਦਿਆਰਥੀ ਨੂੰ ਜੋ ਵੀ ਪੜਾਇਆ ਹੈ,ਉਸ ਦਾ ਵੇਰਵਾ ਹੁੰਦਾ ਹੈ। ਵਿਦਿਆਰਥੀ ਨੂੰ ਘਰ ਲਈ ਕੀ ਕੰਮ ਦੇਣਾ ਹੁੰਦਾ ਹੈ,ਜਿਵੇਂ ਕਿ ਲਿਖਣ ਦਾ ਕੰਮ,ਯਾਦ ਕਰਨ ਦਾ ਕੰਮ,ਹੋਣ ਵਾਲੇ ਟੈਸਟ ਦੀ ਤਿਆਰੀ ਬਾਰੇ ਵੀ ਲਿਖਣਾ ਹੁੰਦਾ ਹੈ।ਅਧਿਆਪਕ ਇਹ ਕਾਰਵਾਈ ਪਹਿਲੇ ਪੀਰੀਅਡ ਤੋਂ ਅਖੀਰਲੇ ਪੀਰੀਅਡ ਤੱਕ ਕਰਦਾ ਹੈ। ਅੰਤਿਮ ਪੀਰੀਅਡ ਵਿੱਚ ਅਧਿਆਪਕ ਉਸ ਦਿਨ ਦੀ ਗਤੀਵਿਧੀ ਲਿਖ ਕੇ ਹਰ ਰੋਜ਼ ਖੁਦ ਦੇ ਹਸਤਾਖਰ ਕਰਨ ਉਪਰੰਤ ਸਕੂਲ ਮੁਖੀ ਤੋਂ ਹਸਤਾਖ਼ਰ ਕਰਵਾਉਂਦਾ ਹੈ। ਚੰਗੇ ਅਧਿਆਪਕ ਦਾ ਇਹ ਵੀ ਗੁਣ ਹੁੰਦਾ ਹੈ ਕਿ ਉਹ ਆਪਣੀ ਡਾਇਰੀ ਵਿੱਚ ਹੁਸ਼ਿਆਰ ਅਤੇ ਕਮਜ਼ੋਰ ਵਿਦਿਆਰਥੀਆਂ ਦੇ ਵੇਰਵੇ ਵੀ ਰੱਖਦਾ ਹੈ। ਇਥੋਂ ਤੱਕ ਕਿ ਉਹ ਜਮਾਤ ਵਿੱਚ ਲਏ ਗਏ ਹਰ ਟੈਸਟ ਦਾ ਵੇਰਵਾ ਵੀ ਦਰਜ ਕਰਦਾ ਹੈ।ਪੜਾਈ ਦੇ ਨਾਲ ਨਾਲ ਵਿਦਿਆਰਥੀਆਂ ਦੇ ਸਹਿਪਾਠੀ ਕਿਰਿਆਵਾਂ ਦਾ ਵੇਰਵਾ ਵੀ ਲਿਖਦਾ ਹੈ, ਤਾਂ ਜੋ ਆਪਣੇ ਪੂਰੇ ਸਾਲ ਦਾ ਮੁਲਾਂਕਣ ਕਰ ਸਕੇ । ਅਧਿਆਪਕ ਡਾਇਰੀ ਹੀ ਅਧਿਆਪਕ ਦਾ ਗਹਿਣਾ ਹੁੰਦਾ ਹੈ ਇਸ ਲਈ ਅਧਿਆਪਕ ਡਾਇਰੀ ਲਈ ਕੁਝ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੁੰਦਾ ਹੈ।




1.ਅਧਿਆਪਕ ਡਾਇਰੀ ਵੱਡੀ ਅਤੇ ਮੋਟੀ ਹੋਵੇ ਤਾਂ ਜੋ ਕਿ ਇਹ ਡਾਇਰੀ ਦੋ ਜਾਂ ਤਿੰਨ ਸਾਲ ਲਗਾਤਾਰ ਚੱਲੇ।

2 ਇਸ ਡਾਇਰੀ ਦੇ ਸਾਰੇ ਪੰਨੇ ਹੀ ਅੰਕਿਤ ਕੀਤੇ ਜਾਣ ਅਤੇ ਪਹਿਲੇ ਪੰਨੇ ਉੱਤੇ ਇਸ ਡਾਇਰੀ ਦੇ ਕਿੰਨੇ ਪੰਨੇ ਹਨ ਬਾਰੇ ਤਸਦੀਕ ਕੀਤਾ ਜਾਵੇ।

3.ਅਧਿਆਪਕ ਡਾਇਰੀ ਵਿੱਚ ਵਿਸ਼ਾ ਵਸਤੂ ਅਤੇ ਘਰ ਦਾ ਕੰਮ ਵਿਸਥਾਰ ਪੂਰਵਕ ਲਿਖਣਾ ਚਾਹੀਦਾ ਹੈ।

4.ਇਸ ਡਾਇਰੀ ਵਿੱਚ ਲਗਾਏ ਗਏ ਪੀਰੀਅਡ ਵਿੱਚ ਕੁੱਲ ਬੱਚੇ ਕਿੰਨੇ ਹਾਜ਼ਰ ਹਨ ਇਹ ਵੀ ਲਿਖਣਾ ਜ਼ਰੂਰੀ ਹੁੰਦਾ ਹੈ ।

5.ਡਾਇਰੀ ਹਰ ਰੋਜ਼ ਮੁਖੀ ਤੋਂ ਤਸਦੀਕ ਕਰਾ ਕੇ ਚੈੱਕ ਕਰਵਾਉਣੀ ਚਾਹੀਦੀ ਹੈ।

6.ਪੁਰਾਣੀ ਡਾਇਰੀ ਜੇਕਰ ਭਰ ਜਾਂਦੀ ਹੈ ਤਾਂ ਉਸਨੂੰ ਅਧਿਆਪਕ ਸੰਭਾਲ ਕੇ ਰੱਖੇ।

7.ਅਧਿਆਪਕਾਂ ਨੂੰ ਇਹ ਡਾਇਰੀ ਕਿਸੇ ਹੋਰ ਅਧਿਆਪਕ ਨੂੰ ਨਹੀਂ ਦੇਣੀ ਹੁੰਦੀ ਤੇ ਜੇਕਰ ਕੋਈ ਅਧਿਆਪਕ ਉਸ ਦੀ ਆਪਣੀ ਡਾਇਰੀ ਦੇਖਣ ਲਈ ਮੰਗੇ ਤਾਂ ਉਹ ਖੁਦ ਆਪਣੇ ਸਾਹਮਣੇ ਆਪਣੀ ਡਾਇਰੀ ਦਿਖਾ ਸਕਦਾ ਹੈ।

**ਵਲੋਂ: ਪ੍ਰਿੰਸੀਪਲ ਰੰਧਾਵਾ ਸਿੰਘ ਪਟਿਆਲਾ**
**9417131332**

# ਨਾ ਕਰੀਏ ਕੁਦਰਤੀ ਨਿਆਮਤਾਂ ਦਾ ਘਾਣ

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ ਇਸ ਮਹਾਂਵਾਕ ਵਿੱਚ ਗੁਰੂ ਸਾਹਿਬ ਨੇ ਮਨੁੱਖ ਜਾਤੀ ਨੂੰ ਸਮਝਾਉਂਦੇ ਹੋਏ ਜੀਵਨ ਦੇ ਪਨਪਣ ਲਈ ਇਨ੍ਹਾਂ ਤਿੰਨ ਮਹਾਨ ਨਿਆਮਤਾਂ ਨੂੰ ਉੱਚ ਮੰਨਿਆ ਹੈ ਜੋ ਸ੍ਰਿਸ਼ਟੀ ਦੀ ਰਚਨਾ ਤੋਂ ਹੀ ਮਨੁੱਖ ਦੇ ਨਾਲ ਹਨ ਇਨ੍ਹਾਂ ਤੋਂ ਬਿਨਾਂ ਜੀਵਨ ਦੀ ਹੋਂਦ ਅਸੰਭਵ ਹੈ ਜਿਸ ਗ੍ਰਹਿ @ਤੇ ਇਨ੍ਹਾਂ ਦੀ ਹੋਂਦ ਨਹੀਂ ਉੱਥੇ ਜੀਵਨ ਨਹੀਂ ਹੈ ਪਰ ਅੱਜ ਮਨੁੱਖ ਨੇ ਸਾਡੇ ਗੁਰੂਆਂ ਦੀ ਦਿੱਤੀ ਸਿੱਖਿਆ ਨੂੰ ਪੂਰੀ ਤਰ੍ਹਾਂ ਦਰਕਿਨਾਰ ਕੀਤਾ ਹੋਇਆ ਹੈ । ਇਸ ਨੇ ਬਿਨਾਂ ਫਿਰਕ ਕੀਤੇ ਹਵਾ, ਪਾਣੀ ਤੇ ਧਰਤੀ ਨੂੰ ਪੂਰੀ ਤਰ੍ਹਾਂ ਦੂਸ਼ਿਤ ਕਰ ਦਿੱਤਾ ਹੈ। ਦਰਿਆਵਾਂ ਵਿੱਚ ਫੈਕਟਰੀਆਂ ਦੇ ਜ਼ਹਿਰੀਲੇ ਰਸਾਇਣਾਂ ਵਾਲੇ ਗੰਦੇ ਪਾਣੀ ਨੂੰ ਬਿਨਾਂ ਕਿਸੇ ਡਰ ਦੇ ਛੱਡਿਆ ਜਾ ਰਿਹਾ ਹੈ। ਪਵਿੱਤਰ ਤੇ ਪੂਜਣਯੋਗ ਮੰਨੇ ਜਾਂਦੇ ਇਨ੍ਹਾਂ ਦਰਿਆਵਾਂ ਦੀ ਨਿਰਮਲਤਾ ਨਸ਼ਟ ਕਰ ਦਿੱਤੀ ਹੈ। ਲਾਲਚ ਵਸ ਪੈ ਕੇ ਇਨਸਾਨ ਨੇ ਧਰਤੀ, ਜਿਸ ਨੂੰ ਧਾਰਮਿਕ ਗ੍ਰੰਥਾਂ ਵਿੱਚ ਮਾਂ ਦਾ ਦਰਜਾ ਦਿੱਤਾ ਗਿਆ ਹੈ, ਦੀ ਕੁੱਖ ਜ਼ਹਿਰਾਂ ਨਾਲ ਭਰ ਦਿੱਤੀ ਹੈ। ਹਵਾ ਜਿਸ ਤੋਂ ਬਿਨਾਂ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ , ਤਕਨਾਲੋਜੀ ਦੇ ਵਾਧੇ ਨਾਲ ਇਹ ਵੀ ਹੱਦੋਂ ਵੱਧ ਪ੍ਰਦੂਸ਼ਿਤ ਹੋ ਰਹੀ ਜੋ ਜੀਵਨ ਚਲਾ ਲੈਣ ਦੇ ਕਾਬਲ ਵੀ ਨਹੀਂ ਬਚਣੀ।

ਹੁਣ ਤੱਕ ਮਨੁੱਖ ਨੇ ਇਨ੍ਹਾਂ ਨਿਆਮਤਾਂ ਦਾ ਜੋ ਘਾਣ ਕੀਤਾ ਹੈ ਉਸਦਾ ਨਤੀਜਾ ਉਹ ਖੁਦ ਅਤੇ ਉਸਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਭੁਗਤਣਾ ਪਵੇਗਾ। ਅੱਜ ਭਿਆਨਕ ਬੀਮਾਰੀਆਂ ਨੇ ਮਨੁੱਖ ਨੂੰ ਹਰ ਪਾਸੇ ਤੋਂ ਘੇਰ ਲਿਆ ਹੈ । ਦਿਨ-ਰਾਤ ਇੱਕ ਕਰਕੇ ਕੀਤੀ ਕਮਾਈ ਦਾ ਬਹੁਤਾ ਹਿੱਸਾ ਹਸਪਤਾਲਾਂ ਦੀ ਭੇਟ ਚੜ੍ਹ ਰਿਹਾ ਹੈ ਫਿਰ ਵੀ ਬੀਮਾਰੀਆਂ ਤੋਂ ਛੁਟਕਾਰਾ ਨਹੀਂ ਮਿਲ ਰਿਹਾ, ਕਿਉਂ.. ? ਇਸ ਕਿਉਂ ਦਾ ਉੱਤਰ ਵੀ ਇਨਸਾਨ ਚੰਗੀ ਤਰ੍ਹਾਂ ਜਾਣਦਾ ਹੈ ਫਿਰ ਅਜੇ ਕਿਸ ਗੱਲ ਦੀ ਉਡੀਕ ਹੈ ਕਿਉਂ ਨਹੀਂ ਸਮਝ ਰਹੇ ਕਿ ਬੜੀ ਤੇਜ਼ੀ ਨਾਲ ਅਸੀਂ ਉਸ ਦੌਰ ਵੱਲ ਵਧ ਰਹੇ ਹਾਂ ਜਦੋਂ ਸਾਡਾ ਪੱਲਾ ਇਨ੍ਹਾਂ ਕੁਦਰਤੀ ਨਿਆਮਤਾਂ ਤੋਂ ਸੱਖਣਾ ਹੋ ਜਾਵੇਗਾ। ਗੁਰੂ ਪੀਰਾਂ ਦੀ ਛੋਹ ਪ੍ਰਾਪਤ ਇਹ ਪੰਜ ਆਬਾਂ ਦੀ ਧਰਤੀ ਦੀ ਅਸੀਂ ਇਹ ਹਾਲਤ ਕਰਾਂਗੇ, ਇਹ ਸਾਡੇ ਗੁਰੂਆਂ ਨੇ ਕਦੇ ਸੋਚਿਆ ਵੀ ਨਹੀਂ ਹੋਣਾ।

ਅਜੇ ਵੀ ਵੇਲਾ ਹੈ ਗੁਰੂਆਂ ਦੇ ਦੱਸੇ ਰਾਹ @ਤੇ ਚੱਲਕੇ ਭੁੱਲ ਬਖ਼ਸ਼ਾਉਣ ਦਾ। ਜਾਣੇ-ਅਣਜਾਣੇ ਕੁਦਰਤ ਦੀਆਂ ਇਨ੍ਹਾਂ ਸ਼ੈਆਂ ਨਾਲ ਕੀਤੀ ਛੇੜਛਾੜ ਦੀ ਭਰਪਾਈ ਕਰਨ ਲਈ ਜ਼ਿਆਦਾ ਤੋਂ ਜ਼ਿਆਦਾ ਰੁੱਖ ਲਾਈਏ, ਪਾਣੀ ਦੀ ਬਰਬਾਦੀ ਰੋਕੀਏ ਅਤੇ ਜ਼ਹਿਰਾਂ ਤੋਂ ਮੁਕਤ ਖੇਤੀ ਵੱਲ ਮੁੜੀਏ ਇਹ ਹੀ ਸਾਡੇ ਲਈ ਕੁਦਰਤ ਵੱਲੋਂ ਮਾਫ਼ੀ ਹੋਵੇਗੀ। ਨਹੀਂ, ਉਹ ਦਿਨ ਦੂਰ ਨਹੀਂ ਜਦੋਂ ਸਾਨੂੰ ਆਪਣੇ ਪੈਰੀਂ ਆਪ ਕੁਹਾੜਾ ਮਾਰਨ ਦੀ ਸਜ਼ਾ ਭੁਗਤਣੀ ਪਵੇਗੀ ਅਤੇ ਫਿਰ ਸ਼ਾਇਦ ਪਛਤਾਵੇ ਤੋਂ ਬਿਨਾਂ ਸਾਡੇ ਪੱਲੇ ਕੁੱਝ ਨਹੀਂ ਹੋਣਾ।

**ਲਾਭ ਸਿੰਘ ਸ਼ੇਰਗਿੱਲ (ਸੰਗਰੂਰ)**
**86995 35708**

# ਨਿੱਜੀ ਸਕੂਲਾਂ ਨੂੰ ਪਛਾੜਣ ਲੱਗੇ ਹੁਣ ਸਰਕਾਰੀ ਸਕੂਲ

ਪੰਜਾਬ ਸਰਕਾਰ ਦੁਆਰਾ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸਿੱਖਿਆ ਸਕੱਤਰ ਪੰਜਾਬ ਕ੍ਰਿਸ਼ਨ ਕੁਮਾਰ ਦੇ ਵਲੋਂ ਸਿੱਖਿਆ ਦੇ ਵਿਚ ਸੁਧਾਰ ਲਿਆਉਣ ਦੇ ਲਈ ਅਥਾਹ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਜਿਸ ਦੇ ਸਦਕਾ ਪੰਜਾਬ ਦੇ ਸਕੂਲਾਂ ਵਿਚ ਕਾਫ਼ੀ ਜ਼ਿਆਦਾ ਸੁਧਾਰ ਹੋ ਰਿਹਾ ਹੈ। ਪੰਜਾਬ ਦੇ ਅੰਦਰ ਧੜਾਧੜ ਸਰਕਾਰੀ ਸਕੂਲ, ਸਮਾਰਟ ਸਕੂਲ ਬਣ ਰਹੇ ਹਨ ਅਤੇ ਜਿਹੜੀਆਂ ਸੁਵਿਧਾਵਾਂ ਪ੍ਰਾਈਵੇਟ ਸਕੂਲਾਂ ਵਿਚ ਪੜਣ ਵਾਲੇ ਬੱਚਿਆਂ ਨੂੰ ਮਿਲਦੀਆਂ ਹਨ, ਉਹ ਹੀ ਸਾਰੀਆਂ ਸੁਵਿਧਾਵਾਂ ਪੰਜਾਬ ਸਰਕਾਰ ਦੇ ਵਲੋਂ ਸਰਕਾਰੀ ਸਕੂਲਾਂ ਦੇ ਅੰਦਰ ਪੜਣ ਵਾਲੇ ਬੱਚਿਆਂ ਨੂੰ ਮੁਹੱਈਆਂ ਕਰਵਾਈਆਂ ਜਾ ਰਹੀਆਂ ਹਨ। ਪਿਛਲੇ ਸਮੇਂ ਤੋਂ ਹੁਣ ਤੱਕ ਦਾ ਜੇਕਰ ਸਰਕਾਰੀ ਸਕੂਲਾਂ ਦਾ ਸਫ਼ਰ ਵੇਖੀਏ ਤਾਂ ਸਰਕਾਰੀ ਸਕੂਲਾਂ ਦੀ ਨੁਹਾਰ ਹੀ ਬਦਲ ਚੁੱਕੀ ਹੈ। ਜਿਹੜੇ ਸਰਕਾਰੀ ਸਕੂਲਾਂ ਦੇ ਵਿਚ ਮਾਪੇ ਬੱਚੇ ਪੜਾਉਣ ਤੋਂ ਡਰਦੇ ਹੁੰਦੇ ਸਨ, ਉਥੇ ਹੁਣ ਖੁਦ ਮਾਪੇ ਬੱਚਿਆਂ ਦਾ ਨਵਾਂ ਦਾਖਲਾ ਕਰਵਾ ਰਹੇ ਹਨ। ਸਰਕਾਰੀ ਸਕੂਲਾਂ ਦੇ ਅੰਦਰ ਬੱਚਿਆਂ ਨੂੰ ਪੜਣ ਲਈ ਸਰਕਾਰ ਦੇ ਵਲੋਂ ਜੋ ਮੁਫ਼ਤ ਵਿਚ ਕਿਤਾਬਾਂ ਦਿੱਤੀਆਂ ਜਾਂਦੀਆਂ ਹਨ, ਉਨ੍ਹਾਂ ਦਾ ਗਰੀਬ ਅਤੇ ਲੋੜਵੰਦ ਬੱਚਿਆਂ ਨੂੰ ਕਾਫੀ ਜਿਆਦਾ ਫਾਇਦਾ ਹੋ ਰਿਹਾ ਹੈ। ਦੱਸ ਦਈਏ ਕਿ ਪੰਜਾਬ ਦੇ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਦੀ ਚੰਗੀ ਸੋਚ ਸਦਕਾ ਹੀ ਇਹ ਕੰਮ ਨੇਪਰੇ ਚੜ ਰਹੇ ਹਨ। ਪੰਜਾਬ ਦੇ ਸਰਕਾਰੀ ਸਕੂਲਾਂ ਦੀ ਹਾਲਤ ਪਹਿਲੋਂ ਕੋਈ ਖਾਸਾ ਚੰਗੀ ਨਹੀਂ ਸੀ ਹੁੰਦੀ, ਜਿਸ ਦੇ ਕਾਰਨ ਹਰ ਮਾਂ ਬਾਪ ਦਾ ਇਹ ਹੀ ਸੁਪਨਾ ਹੁੰਦਾ ਸੀ ਕਿ ਉਸ ਦਾ ਬੱਚਾ ਚੰਗੀ ਵਿੱਦਿਆ ਕਿਸੇ ਚੰਗੇ ਪ੍ਰਾਈਵੇਟ ਸਕੂਲ ਦੇ ਵਿਚੋਂ ਹੀ ਹਾਂਸਲ ਕਰੇ। ਪਰ ਹੁਣ ਜਿਸ ਤਰੀਕੇ ਦੇ ਨਾਲ ਸਰਕਾਰੀ ਸਕੂਲ ਹੀ ਸਮਾਰਟ ਸਕੂਲ ਬਣਦੇ ਜਾ ਰਹੇ ਹਨ ਅਤੇ ਸਰਕਾਰੀ ਸਕੂਲਾਂ ਦੇ ਅੰਦਰ ਹੀ ਵਧੀਆ ਸੁਵਿਧਾਵਾਂ ਮਿਲਣ ਲੱਗ ਗਈਆਂ ਹਨ ਤਾਂ ਮਾਪੇ ਖੁਦ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਤੋਂ ਹਟਾ ਕੇ ਸਰਕਾਰੀ ਸਕੂਲਾਂ ਦੇ ਵਿਚ ਦਾਖਲ ਕਰਵਾ ਰਹੇ ਹਨ। ਇਥੇ ਦੱਸਣਾ ਬਣਦਾ ਹੈ ਕਿ ਪੰਜਾਬ ਦੇ ਤਕਰੀਬਨ ਹੀ ਸਾਰੇ ਸਰਕਾਰੀ ਸਕੂਲਾਂ ਦੇ ਵਲੋਂ ਪਿੰਡ ਪਿੰਡ, ਸ਼ਹਿਰ ਸ਼ਹਿਰ ਅਤੇ ਕਸਬਿਆਂ ਦੇ ਵਿਚ ਇਕ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ ਕਿ ਮਾਪੇ ਵੱਧ ਤੋਂ ਵੱਧ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਦੀ ਬਿਜਾਏ ਸਰਕਾਰੀ ਸਕੂਲਾਂ ਦੇ ਵਿਚ ਦਾਖਲ ਕਰਵਾਉਣ। ਇਹ ਮੁਹਿੰਮ ਕਾਮਯਾਬ ਵੀ ਹੋ ਰਹੀ ਹੈ, ਕਿਉਂਕਿ ਮਿਹਨਤੀ ਸਟਾਫ਼ ਦਿਨ ਰਾਤ ਇਕ ਕਰਕੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਦੇ ਅੰਦਰ ਦਾਖਲ ਕਰ ਰਿਹਾ ਹੈ। ਦੱਸ ਦਈਏ ਕਿ ਪਿਛਲੇ ਦਿਨੀਂ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਮਨੌਲੀ (ਐਸਏਐਸ ਨਗਰ) ਵਲੋਂ ਪ੍ਰੀ ਪ੍ਰਾਇਮਰੀ ਤੋਂ ਪੰਜਵੀਂ ਜਮਾਤ ਤੱਕ ਦੇ ਨਵੇਂ ਸੈਸ਼ਨ 2020-21 ਲਈ ਦਾਖਲਾ ਵਧਾਉਣ ਲਈ ਪਿੰਡ ਵਿੱਚ ਇਕ ਜਾਗਰੂਕਤਾ ਰੈਲੀ ਕੱਢੀ ਗਈ। ਇਹ ਰੈਲੀ ਸਕੂਲ ਹੈਡ ਟੀਚਰ ਮੈਡਮ ਰਮਿੰਦਰ ਕੌਰ ਦੀ ਅਗੁਵਾਈ ਵਿਚ ਕੱਢੀ ਗਈ। ਇਸ ਮੌਕੇ ਤੇ ਸਕੂਲ ਹੈਡ ਟੀਚਰ, ਬੀ ਐਮ ਟੀ ਖੁਸ਼ਪ੍ਰੀਤ, ਸੀ ਐਮ ਟੀ ਸੁਭਾਸ਼ ਚੰਦਰ ਅਤੇ ਸਮੂਹ ਸਟਾਫ ਵਲੋਂ ਰੈਲੀ ਦੌਰਾਨ ਪਿੰਡ ਵਾਸੀਆਂ ਨੂੰ ਜਾਗਰੂਕ ਕੀਤਾ ਗਿਆ ਕਿ ਸਾਡੇ ਸਮਾਰਟ ਸਕੂਲ ਵਿਚ ਵਿਦਿਆਰਥੀਆਂ ਕੋਲੋਂ ਕੋਈ ਫੀਸ ਨਹੀਂ ਲਈ ਜਾਂਦੀ ਅਤੇ ਬੱਚਿਆਂ ਨੂੰ ਕਿਤਾਬਾਂ ਵੀ ਮੁਫਤ ਦੇ ਵਿਚ ਹੀ ਮੁਹੱਈਆਂ ਕਰਵਾਈਆਂ ਜਾਂਦੀਆਂ ਹਨ। ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਮਨੌਲੀ (ਐਸਏਐਸ ਨਗਰ) ਦੀ ਹੈਡ ਟੀਚਰ ਮੈਡਮ ਰਮਿੰਦਰ ਕੌਰ ਨੇ ਜਾਣਕਾਰੀ ਦਿੰਦਿਆ ਹੋਇਆ ਪਿੰਡ ਵਾਸੀਆਂ ਨੂੰ ਦੱਸਿਆ ਕਿ ਈ-ਕੰਟੈਂਟ ਅਤੇ ਸਮਾਰਟ ਜਮਾਤਾਂ ਰਾਹੀਂ ਬੱਚਿਆਂ ਦੀ ਪੜ੍ਹਾਈ ਕਰਵਾਈ ਜਾਂਦੀ ਹੈ। ਸਾਡੇ ਸਰਕਾਰੀ ਸਕੂਲ ਦੇ ਅੰਦਰ ਬੱਚਿਆਂ ਦਾ ਦਾਖਲਾ ਵੀ ਬਿਲਕੁਲ ਮੁਫ਼ਤ ਦੇ ਵਿਚ ਹੀ ਹੁੰਦਾ ਹੈ ਅਤੇ ਕਿਤਾਬਾਂ ਤੇ ਵਰਦੀਆਂ ਵੀ ਬਿਲਕੁਲ ਮੁਫ਼ਤ ਦੇ ਵਿਚ ਹੀ ਮਿਲਦੀਆਂ ਹਨ। ਉਨ੍ਹਾਂ ਦੇ ਸਰਕਾਰੀ ਸਕੂਲ ਦੇ ਅੰਦਰ ਉੱਚ ਯੋਗਤਾ ਅਤੇ ਤਜ਼ਰਬੇਕਾਰ ਸਟਾਫ਼, ਖੇਡ ਵਿਧੀ ਰਾਹੀਂ ਪੜ੍ਹਾਈ, ਲਾਇਬ੍ਰੇਰੀ ਰੂਮ ਵਿਚ ਰੋਚਕ ਕਿਤਾਬਾਂ ਦਾ ਪ੍ਰਬੰਧ, ਨਵੀਆਂ ਤਕਨੀਕਾਂ, ਸਹਿ ਵਿੱਦਿਅਕ ਮੁਕਾਬਲੇ, ਦੁਪਹਿਰ ਦਾ ਖਾਣਾ, ਪੀਣ ਲਈ ਆਰ ਓ ਪਾਣੀ ਦਾ ਪ੍ਰਬੰਧ ਹੈ। ਜਾਣਕਾਰੀ ਦਿੰਦਿਆ ਹੋਇਆ ਹੈਡ ਟੀਚਰ ਮੈਡਮ ਰਮਿੰਦਰ ਕੌਰ ਨੇ ਇਹ ਵੀ ਦੱਸਿਆ ਕਿ ਸਰਕਾਰੀ ਸਕੂਲ ਦੇ ਅੰਦਰ ਬੱਚਿਆਂ ਦੇ ਖੇਡਣ ਲਈ ਝੂਲੇ, ਦੁਪਹਿਰ ਦੇ ਪੌਸ਼ਟਿਕ ਭੋਜਨ ਦਾ ਮੁਫ਼ਤ ਪ੍ਰਬੰਧ, ਸਮੇਂ ਸਮੇਂ 'ਤੇ ਮੁਫ਼ਤ ਮੈਡੀਕਲ ਚੈੱਕਅੱਪ, ਦਵਾਈਆਂ ਅਤੇ ਇਲਾਜ਼ ਤੋਂ ਇਲਾਵਾ ਸਹਿ ਵਿੱਦਿਅਕ ਸੱਭਿਆਚਾਰ ਗਤੀਵਿਧੀਆਂ ਆਦਿ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਪਿੰਡ ਵਾਸੀਆਂ ਅਤੇ ਪੰਜਾਬ ਵਾਸੀਆਂ ਨੂੰ ਹੈਡ ਟੀਚਰ ਮੈਡਮ ਰਮਿੰਦਰ ਕੌਰ ਨੇ ਅਪੀਲ ਕਰਦਿਆ ਹੋਇਆ ਕਿਹਾ ਕਿ ਉਹ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਦੇ ਅੰਦਰ ਹੀ ਦਾਖਲ ਕਰਵਾਉਣ, ਕਿਉਂਕਿ ਹੁਣ ਸਰਕਾਰੀ ਸਕੂਲਾਂ ਦੀ ਨੁਹਾਰ ਕਾਫ਼ੀ ਜ਼ਿਆਦਾ ਬਦਲ ਚੁੱਕੀ ਹੈ ਅਤੇ ਸਕੂਲਾਂ ਦੇ ਅੰਦਰ ਸਟਾਫ਼ ਵੀ ਪੂਰਾ ਹੈ। ਇਥੇ ਦੱਸਣਾ ਬਣਦਾ ਹੈ ਕਿ ਕੁਝ ਸਮਾਂ ਪਹਿਲੋਂ ਹੀ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਮਨੌਲੀ (ਐਸਏਐਸ ਨਗਰ) ਨੂੰ ਸਮਾਰਟ ਸਕੂਲ ਬਣਾਇਆ ਗਿਆ ਹੈ, ਜਿਸ ਦਾ ਉਦਘਾਟਨ ਕੈਬਨਿਟ ਮੰਤਰੀ ਪੰਜਾਬ ਬਲਬੀਰ ਸਿੰਘ ਸਿੱਧੂ ਦੇ ਵਲੋਂ ਕੀਤਾ ਗਿਆ ਸੀ।

**ਗੁਰਪ੍ਰੀਤ**

# ਮਨੁੱਖ ਦੇ ਅਧਿਕਾਰਾਂ ਦਾ ਰੱਖਿਅਕ- ਵਿਸ਼ਵ ਮਨੁੱਖੀ ਅਧਿਕਾਰ ਦਿਵਸ




ਮਨੁੱਖੀ ਅਧਿਕਾਰ ਦਿਵਸ ਹਰ ਸਾਲ 10 ਦਸੰਬਰ ਨੂੰ ਸੰਸਾਰ ਭਰ ਵਿੱਚ ਲੋਕਾਂ ਦੇ ਅਧਿਕਾਰਾਂ ਦਾ ਸਨਮਾਨ ਕਰਨ ਲਈ ਮਨਾਇਆ ਜਾਂਦਾ ਹੈ। ਇਸ ਦੀ ਸ਼ੁਰੂਆਤ 10 ਦਸੰਬਰ 1948 ਵਿੱਚ ਹੋਈ , ਜਦੋਂ ਸੰਯੁਕਤ ਰਾਸ਼ਟਰ ਮਹਾਂਸਭਾ ਨੇ ਮਨੁੱਖੀ ਅਧਿਕਾਰਾਂ ਦੇ ਘੋਸਣਾ -ਪੱਤਰ ਨੂੰ ਮਾਨਤਾ ਦਿੱਤੀ ਸੀ।ਭਾਰਤ ਵਿੱਚ 28 ਸਤੰਬਰ 1993 ਨੂੰ ਮਨੁੱਖੀ ਅਧਿਕਾਰ ਆਯੋਗ ਦੀ ਘੋਸ਼ਣਾ ਕੀਤੀ ਗਈ ਸੀ। ਸੰਯੁਕਤ ਰਾਸ਼ਟਰ ਦੇ ਅਨੁਸਾਰ ਕੁਝ ਮਨੁੱਖੀ ਅਧਿਕਾਰ ਅਜਿਹੇ ਹਨ, ਜੋ ਕਦੇ ਮਨੁੱਖ ਤੋਂ ਖੋਹੇ ਨਹੀਂ ਜਾ ਸਕਦੇ। ਹਰ ਮਨੁੱਖ ਦੀ ਆਪਣੀ ਹੋਂਦ ਹੈ ਅਤੇ ਜਨਮ ਲੈਣ ਤੋਂ ਬਾਅਦ ਮਨੁੱਖ ਨੂੰ ਕੁਝ ਮੁੱਢਲੇ ਅਧਿਕਾਰ ਮਿਲ ਜਾਂਦੇ ਹਨ। ਅਜੋਕੇ ਸਮੇਂ ਵਿੱਚ 30 ਤੋਂ ਜਿਆਦਾ ਮਨੁੱਖੀ ਅਧਿਕਾਰ ਹਨ। ਇਨ੍ਹਾਂ ਵਿੱਚੋਂ ਕੁਝ ਪ੍ਰਮੁੱਖ ਅਧਿਕਾਰ ਜਿਵੇਂ ਕਿ ਸਮਾਨਤਾ ਦਾ ਅਧਿਕਾਰ, ਧਰਮ ਦੀ ਆਜ਼ਾਦੀ ਦਾ ਅਧਿਕਾਰ, ਸੁਤੰਤਰਤਾ ਦਾ ਅਧਿਕਾਰ, ਸਿੱਖਿਆ ਅਤੇ ਕਿੱਤਾ ਚੁਣਨ ਦਾ ਅਧਿਕਾਰ ਆਦਿ ਸ਼ਾਮਿਲ ਹਨ। ਸੰਸਾਰ ਦੇ ਨਾਗਰਿਕਾਂ ਨੂੰ ਬੁਨਿਆਦੀ ਅਧਿਕਾਰ ਦੇਣ ਲਈ ਵਿਸ਼ਵ ਪੱਧਰ 'ਤੇ ਮਨੁੱਖੀ ਅਧਿਕਾਰ ਦਿਵਸ ਮਨਾਇਆ ਜਾਂਦਾ ਹੈ। ਮਨੁੱਖੀ ਅਧਿਕਾਰਾਂ ਦਾ ਸਨਮਾਨ ਕਰਦੇ ਹੋਏ ਭਾਰਤ ਦਾ ਸੰਵਿਧਾਨ ਦੇਸ਼ ਦੇ ਸਾਰੇ ਨਾਗਰਿਕਾਂ ਨੂੰ ਮਨੁੱਖੀ ਅਧਿਕਾਰਾਂ ਦੀ ਗਰੰਟੀ ਦਿੰਦਾ ਹੈ ਅਤੇ ਇਸ ਨੂੰ ਤੋੜਨ ਵਾਲੇ ਨੂੰ ਸਜ਼ਾ ਵੀ ਦਿੰਦਾ ਹੈ। ਅੱਜ ਪੂਰੇ ਸੰਸਾਰ ਨੂੰ ਮਨੁੱਖੀ ਅਧਿਕਾਰਾਂ ਦੀ ਬਹੁਤ ਜ਼ਰੂਰਤ ਹੈ। ਵਿਸ਼ਵ ਪੱਧਰ ਨਿੱਤ ਦਿਹਾੜੇ ਜ਼ਬਰਦਸਤੀ ਅਤੇ ਨਾਇਨਸਾਫ਼ੀ ਦੀਆਂ ਖ਼ਬਰਾਂ ਆਮ ਵੇਖਣ ਨੂੰ ਮਿਲਦੀਆਂ ਹਨ ਜੋ ਕਿ ਮਨੁੱਖੀ ਅਧਿਕਾਰਾਂ ਦੇ ਖਿਲਾਫ ਹਨ ਅਤੇ ਭਾਰਤ ਵਿੱਚ ਵੀ ਇਹ ਦਿਨੋ-ਦਿਨ ਵਧਦੇ ਜਾ ਰਹੇ ਹਨ। ਸਾਲ 2020 ਦਾ ਥੀਮ "Recover Better- Standup for Human Rights" ਹੈ ਅਤੇ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਕਰ ਕੇ ਇੱਕ ਸੁਨਹਿਰੀ ਭਵਿੱਖ ਦੇ ਨਿਰਮਾਣ 'ਤੇ ਕੇਂਦਰਿਤ ਹੈ। ਇਹ ਥੀਮ Covid AI ਮਹਾਂਮਾਰੀ ਨਾਲ ਸੰਬੰਧਿਤ ਹੈ ਅਤੇ ਮਹਾਂਮਾਰੀ ਦੇ ਖਿਲਾਫ ਲੜਦੇ ਹੋਏ ਅਤੇ ਨਵੀਆਂ ਨੀਤੀਆਂ ਬਣਾਉਂਦੇ ਹੋਏ ਮਨੁੱਖੀ ਅਧਿਕਾਰਾਂ ਦਾ ਖ਼ਾਸ ਧਿਆਨ ਰੱਖਿਆ ਗਿਆ ਹੈ। ਅਸੀਂ ਆਪਣੇ ਸਾਂਝੇ ਟੀਚੇ ਤਾਂ ਹੀ ਹਾਸਲ ਕਰ ਸਕਦੇ ਹਾਂ ਜੇਕਰ ਸਭ ਨੂੰ ਸਮਾਨਤਾ ਅਤੇ ਬਰਾਬਰੀ ਦਾ ਅਧਿਕਾਰ ਪ੍ਰਾਪਤ ਹੋਣਗੇ। ਮਨੁੱਖੀ ਅਧਿਕਾਰਾਂ ਦੀ ਮਹੱਤਤਾ ਇਸ ਗੱਲ ਤੋਂ ਸਮਝੀ ਜਾ ਸਕਦੀ ਹੈ ਕਿ ਇਹ ਮੁੱਢਲੇ ਵਿਕਾਸ ਟੀਚੇ ਦਾ ਧੁਰਾ ਹਨ ਕਿਉਂਕਿ ਮਨੁੱਖ ਦੀ ਹੋਂਦ ਨੂੰ ਸੁਰੱਖਿਅਤ ਕੀਤੇ ਬਿਨਾਂ ਹਰ ਵਿਕਾਸ ਅਧੂਰਾ ਹੈ। ਮਨੁੱਖੀ ਅਧਿਕਾਰ ਦਿਵਸ 'ਤੇ ਕੀਤੇ ਜਾਂਦੇ ਵੱਖ-ਵੱਖ ਉਪਰਾਲਿਆਂ ਅਧੀਨ ਮਨੁੱਖੀ ਅਧਿਕਾਰਾਂ ਦੀ ਹੋਂਦ ਨੂੰ ਕਾਇਮ ਰੱਖਿਆ ਜਾਂਦਾ ਹੈ। ਹਰ ਤਰ੍ਹਾਂ ਦੇ ਭੇਦਭਾਵ ਨੂੰ ਖਤਮ ਕਰਕੇ ਸਭ ਨੂੰ ਸਮਾਨਤਾ ਅਤੇ ਬਰਾਬਰੀ ਦਾ ਅਧਿਕਾਰ ਦਿੰਦੇ ਹੋਏ ਲੋੜੀਂਦੀਆਂ ਸੁਵਿਧਾਵਾਂ ਉਪਲਬਧ ਕਰਵਾਉਣੀਆਂ, ਵੱਖ-ਵੱਖ ਸਮਾਜਿਕ ਸੰਸਥਾਵਾਂ ਨੂੰ ਸ਼ਾਮਲ ਕਰਨਾ ਆਦਿ ਇਸਦਾ ਮੁੱਖ ਮੰਤਵ ਹੈ। ਸਾਰੇ ਦੇਸ਼ਾਂ ਦੀਆਂ ਸਰਕਾਰਾਂ ਨੂੰ ਆਪਣੇ ਨਾਗਰਿਕਾਂ ਦੇ ਜਮਹੂਰੀ ਅਧਿਕਾਰਾਂ ਦੀ ਰੱਖਿਆ ਕਰਨੀ ਚਾਹੀਦੀ ਹੈ। ਇਸ ਦਿਨ ਸਕੂਲਾਂ ਅਤੇ ਹੋਰ ਸੰਸਥਾਵਾਂ ਵਿੱਚ ਵੱਖ-ਵੱਖ ਗਤੀਵਿਧੀਆਂ ਅਤੇ ਰੈਲੀਆਂ ਰਾਹੀਂ ਲੋਕਾਂ ਵਿੱਚ ਮਨੁੱਖੀ ਅਧਿਕਾਰਾਂ ਬਾਰੇ ਜਾਗਰੂਕਤਾ ਫੈਲਾਈ ਜਾਂਦੀ ਹੈ ਕਿਉਂਕਿ ਅੱਜ ਵੀ ਬਹੁਤ ਲੋਕਾਂ ਨੂੰ ਇਸ ਬਾਰੇ ਜਾਣਕਾਰੀ ਨਹੀਂ ਹੈ। 10 ਦਸੰਬਰ ਦਾ ਇਹ ਦਿਨ ਸਮਾਜ ਵਿੱਚ ਮਨੁੱਖੀ ਅਧਿਕਾਰਾਂ ਬਾਰੇ ਜਾਗਰੂਕਤਾ ਫੈਲਾਉਣ ਲਈ ਸਮਰਪਿਤ ਕੀਤਾ ਗਿਆ ਹੈ। ਸੋ ਆਓ ਸਾਰੇ ਮਿਲਕੇ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋਈਏ ਅਤੇ ਸਭ ਨੂੰ ਜਾਗਰੂਕ ਕਰਨ ਲਈ ਯਤਨ ਕਰੀਏ।

**ਜਤਿੰਦਰ ਕੌਰ ਸੇਖੋਂ**
**ਸਹਸ ਬੋੜਾਵਾਲ ( ਮਾਨਸਾ)**

# ਮਾਸੀ ਦੀ ਲੜਕੀ ਨੇ ਪੱਟਿਆ ਹਸਦਾ ਵਸਦਾ ਘਰ

**ਬਿਲਕੁਲ ਹਕੀਕੀ ਵਿਥਿਆ**

ਆਮ ਕਹਾਵਤ ਹੈ ਕਿ ਜੇਕਰ ਇਨਸਾਨ ਦੀ ਔਲਾਦ ਸੁੱਖੀ ਹੈ ਨਸ਼ਿਆਂ ਤੋਂ ਬਚੀ ਹੈ ਪੁੱਤ ਕਹਿਣੇ ਵਿਚ ਨੇ ਤੇ ਧੀਆਂ ਆਪੋ ਆਪਣੇ ਘਰੀਂ ਸੁੱਖ ਸ਼ਾਂਤੀ ਨਾਲ ਵਸਦੀਆਂ ਹਨ ਤਾਂ ਓਸ ਬੰਦੇ ਲਈ ਇਥੇ ਹੀ ਸਵਰਗ ਹੈ ਜੇਕਰ ਔਲਾਦ ਨਸ਼ਿਆਂ ਚ ਗ੍ਰਿਸਤ ਹੈ ਤੇ ਕੁੜੀਆਂ ਆਪਣੇ ਘਰ ਔਖੀਆਂ ਨੇ ਤਾਂ ਉਸ ਇਨਸਾਨ ਲਈ ਇਥੇ ਹੀ ਨਰਕ ਹੈ।ਇਹ ਗੱਲ ਬਿਲਕੁਲ ਸੱਚ ਹੈ ਕਿਉਂ ਕਿ ਅੱਜ ਤੱਕ ਕੋਈ ਵਾਪਿਸ ਆਕੇ ਅੱਖੀਂ ਵੇਖੇ ਨਰਕ ਸਵਰਗ ਦੀ ਪ੍ਰੀਭਾਸ਼ਾ ਦੱਸ ਨਹੀਂ ਸਕਿਆ। ਓਹ ਗੱਲ ਅਲਹਿਦਾ ਹੈ ਕਿ ਬਹੁਤ ਸਾਰੀਆਂ ਮਿਥਹਾਸਕ ਗੱਲਾਂ ਬਿਨਾਂ ਸਿਰ ਪੈਰ ਤੋਂ ਦੁਨੀਆਂ ਵਿੱਚ ਪ੍ਰਚਲਿਤ ਹਨ,ਪਰ ਓਹਨਾਂ ਨੂੰ ਕੋਈ ਮਾਨਤਾ ਨਹੀਂ ਮਿਲਦੀ।

ਹੁਣ ਮੈਂ ਆਪਣੇ ਅਸਲੀ ਮਕਸਦ ਤੇ ਆਉਂਦਾਂ ਹਾਂ ਤੇ ਬਿਲਕੁਲ ਵੀ ਇੱਕ ਰਾਈ ਭਰ ਵੀ ਝੂਠ ਨਹੀਂ ਹੈ ਵਾਹਿਗੁਰੂ ਨੂੰ ਜਾਣ ਦੇਣੀ ਹੈ ਇਸ ਲਈ ਸੱਭ ਕੁੱਝ ਸੱਚੋ ਸੱਚ ਵਿਖਿਆਨ ਕਰਾਂਗਾ।

ਮੈਂ ਬਲਵਿੰਦਰ ਸਿੰਘ ਸੰਧੂ ਸ੍ਰੀ ਮੁਕਤਸਰ ਸਾਹਿਬ ਦੀ ਨਾਰੰਗ ਕਲੋਨੀ ਵਿੱਚ ਰਹਿੰਦਾ ਹਾਂ ਤੇ ਏਡੀਸੀ ਦ.ਫਤਰ ਵਿਖੇ ਤਾਇਨਾਤ ਹਾਂ। ਮੇਰੀ ਬੇਟੀ ਰਮਨਦੀਪ ਕੌਰ ਉਰਫ ਰਮਨ ਦਾ ਵਿਆਹ ਮੈਂ ਅਮਰਜੀਤ ਕੌਰ ਵਿਚੋਲਣ ਸ੍ਰੀ ਮੁਕਤਸਰ ਸਾਹਿਬ ਰਾਹੀਂ ਮਨਜੀਤ ਸਿੰਘ ਉਰਫ ਗੋਲਡੀ ਪਿਤਾ ਰਜਿੰਦਰ ਸਿੰਘ ਨਾਲ ਪਿੰਡ ਜੰਡ ਵਾਲਾ(ਕੱਚੇ ਕਾਲੇ ਵਾਲੇ ਦੇ ਨੇੜੇ) ਜਲਾਲਾਬਾਦ ਰੋਡ ਤੇ 10-4-2015ਨੂੰ ਪੂਰਨ ਗੁਰਮਰਿਆਦਾ ਅਨੁਸਾਰ,ਢਾਈ ਸੌ ਬੰਦਿਆ ਦੀ ਆਈ ਬਰਾਤ ਤੇ ਕੁੱਝ ਇੱਧਰੋਂ ਭਾਵ ਮੇਰੇ ਵੱਲੋਂ ਕੁੱਲ ਚੌਦਾਂ ਕੁ ਸੌ ਦੇ ਇਕੱਠ ਵਿੱਚ ਪੂਰੀ ਸੇਵਾ ਟਹਿਲ ਦੇ ਨਾਲ ਅਠਾਰਾਂ ਲੱਖ ਰੁਪਏ ਲਗਾਂ ਕੇ ਕੀਤਾਂ।ਐਸ ਐਸ ਪੀ ਦਫਤਰ ਬਠਿੰਡਾ ਰੋਡ ਦੇ ਸਾਹਮਣੇ ਬਣੇ ਬਹੁਤ ਵੱਡੇ ਨਾਮੀਂ ਪੈਲੇਸ ਵਿੱਚ ਹੋਇਆ ਸੀ ਜੀ ਵਿਆਹ।ਕੁੜੀ ਆਪਣੇ ਘਰ ਸੁੱਖ ਸ਼ਾਂਤੀ ਨਾਲ ਵਸੇ ਇਹੀ ਹਰ ਮਾਤਾ ਪਿਤਾ ਦੀ ਤਮੰਨਾ ਹੁੰਦੀ ਹੈ। ਤਕਰੀਬਨ ਅੱਠ ਨੌਂ ਮਹੀਨੇ ਵਧੀਆ ਰਹੇ ਜਿਸ ਦੌਰਾਨ ਅਸੀ ਵਧੀਆ ਚਾਅ ਨਾਲ ਮਿਲਣੀ ਵੀ ਕਰਕੇ ਆਏ ਤੇ ਇੱਕ ਦੋ ਵਾਰ ਵੈਸੇ ਵੀ ਗ ? ਮਨ ਖੁਸ਼ ਸੀ।ਇਸੇ ਦੌਰਾਨ ਸਹੁਰਿਆਂ ਤੇ ਪ੍ਰਾਹਣੇ ਮਨਜੀਤ ਦੀ ਰਾਇ ਨਾਲ ਬੇਟੀ ਰਮਨ ਨੇ ਸ੍ਰੀ ਮੁਕਤਸਰ ਸਾਹਿਬ ਤੋਂ ਆਈਲਿਟਸ ਕਰਨੀ ਸ਼ੁਰੂ ਕੀਤੀ ਜਿਸ ਲਈ ਓਹਨੂੰ ਆਉਣ ਜਾਣ ਲਈ ਬੱਸ ਤੇ ਸਫਰ ਕਰਨਾ ਪੈਂਦਾ ਸੀ।ਇਸੇ ਦੌਰਾਨ ਹੀ ਰਮਨ ਦੇ ਘਰ ਇੱਕ ਬੱਚੀ ਨੇ ਵੀ ਜਨਮ ਲਿਆ।ਬੱਸ ਉਸ ਤੋਂ ਬਾਅਦ ਹੀ ਮੇਰੀ ਇਸ ਬੇਟੀ ਦੇ ਘਰ ਦੁੱਖਾਂ ਦਾ ਪਹਾੜ ਟੁੱਟਣਾ ਸ਼ੁਰੂ ਹੋਇਆ ਤੇ ਇਸ ਦਾ ਮੇਨ ਮੁੱਦਾ ਮਨਜੀਤ (ਪ੍ਰਾਹੁਣੇ ਨੇ)ਇਹ ਬਣਾਇਆ ਕਿ ਰਮਨ ਬੱਸ ਦੇ ਕੰਡਕਟਰ ਨਾਲ ਮਾੜੀ ਹੈ ਜੋ ਉਸ ਨਾਲ ਹੱਸ ਹੱਸ ਕੇ ਗੱਲਾਂ ਕਰਦੀ ਹੈ ਤੇ ਅਸੀਂ ਆਪ ਅੱਖੀਂ ਵੇਖੀ ਹੈ। ਜਦੋਂ ਕਿ ਮੇਰੀ ਬੇਟੀ ਰਮਨ ਦਾ ਸੁਭਾਅ ਪਹਿਲੇ ਦਿਨੋਂ ਹੀ ਖੁਸ਼ ਤਬੀਅਤ ਵਾਲਾ ਹੈ।ਬੇਟੀ ਤੇ ਜਦੋਂ ਕੋਈ ਐਡੀ ਵੱਡੀ ਨਜਾਇਜ਼ ਤੋਹਮਤ ਲਾਉਂਦਾ ਹੈ ਤਾਂ ਸੱਚ ਮੁੱਚ ਮਾਪਿਆਂ ਦਾ ਮਰਨ ਹੋ ਜਾਂਦਾ ਹੈ,ਸੋ ਓਹੋ ਹੀ ਸਾਡੇ ਪਰਿਵਾਰ ਵਿੱਚ ਵਾਪਰਿਆ ਮੇਰੀ ਪਤਨੀ ਇੱਕੋ ਇੱਕ ਮੇਰਾ ਬੇਟਾ ਤੇ ਖੁਦ ਮੈਂ ਘਰੇਲੂ ਟੈਂਸ਼ਨ ਵਿੱਚ ਰਹਿਣ ਲੱਗੇ ਤੇ ਮੇਰੇ ਘਰ ਵਾਲੀ ਨੂੰ ਇਸੇ ਦੌਰਾਨ ਇੱਕ ਨਾਮੁਰਾਦ ਬੀਮਾਰੀ ਨੇ ਘੇਰ ਲਿਆ ਜੋ ਅੱਜ ਤੱਕ ਵੀ ਓਸੇ ਬੀਮਾਰੀ ਨਾਲ ਜੂਝ ਰਹੀ ਹੈ।

ਇਹ ਸਭ ਕੁਝ ਕਿਉਂ ਵਾਪਰਿਆ ਤੁਸੀਂ ਇਸ ਲਈ ਵੀ ਉਤਾਵਲੇ ਹੋਵੋਂਗੇ ਬਿਲਕੁਲ ਮੈਂ ਦੱਸਦਾ ਹਾਂ ਕਿ ਰਮਨ ਦੀ ਮਾਸੀ ਦੀ ਲੜਕੀ ਨਾਲ ਮਨਜੀਤ ਉਰਫ ਗੋਲਡੀ ਦੇ ਪਹਿਲਾਂ ਹੀ ਨਜਾਇਜ਼ ਸਬੰਧ ਸਨ।ਜਿਸ ਦੇ ਸਾਡੇ ਕੋਲ ਫੋਟੋਆਂ ਸਮੇਤ ਸਬੂਤ ਮੌਜੂਦ ਹਨ।ਇਸ ਨੇ ਉਸ ਨੂੰ ਬਾਹਰਲੇ ਦੇਸ਼ ਵੀ ਭੇਜਿਆ ਸੀ।ਇਹ ਸਾਰਾ ਤਾਣਾ ਬਾਣਾ ਗੋਲਡੀ ਨੇ ਰਮਨ ਭਾਵ ਮੇਰੀ ਬੇਟੀ ਨੂੰ ਆਪਣੇ ਰਾਹ ਚੋਂ ਕੰਡਾ ਕੱਢਣ ਲਈ ਹੀ ਬੁਣਿਆ ਹੋਇਆ ਹੈ।ਅਸਲੀ ਗੱਲ ਵਿਚੋਂ ਇਹੀ ਸਾਹਮਣੇ ਆਈ ਹੈ।ਅਸੀ ਦੋ ਤਿੰਨ ਵਾਰ ਪੰਚਾਇਤ ਵੀ ਲੈ ਕੇ ਜੰਡ ਵਾਲੇ ਗ ? ਪਰ ਸੱਭ ਵਿਅਰਥ। ਇਸੇ ਦੌਰਾਨ ਹੀ ਗੋਲਡੀ ਦੇ ਮਾਮੇ ਦੀ ਲੜਕੀ ਜੋ ਕਿ ਜੰਡ ਵਾਲੇ ਪਿੰਡ ਚ ਆਈ ਸੀ ਰਮਨ (ਬੇਟੀ) ਦੇ ਮੋਬਾਈਲ ਤੋਂ ਗਲਤ ਲੜਕਿਆਂ ਨੂੰ ਅਕਸਰ ਕਾਲਾਂ ਕਰਦੀ ਰਹਿੰਦੀ ਸੀ ਉਸ ਨੂੰ ਵੀ ਗੋਲਡੀ ਨੇ ਮੇਰੀ ਬੇਟੀ ਦੇ ਆਚਰਣ ਤੇ ਧੱਬਾ ਲਾਉਣ ਦੀ ਕੋਸ਼ਿਸ਼ ਕੀਤੀ ਤੇ ਗੱਲਾਂ ਦੀ ਡਿਟੇਲ ਕਢਵਾਈ ਜਦੋਂ ਕਿ ਰਮਨ ਦੇ ਫੋਨ ਤੋਂ ਗੱਲਾਂ ਗੋਲਡੀ ਦੇ ਮਾਮੇ ਦੀ ਲੜਕੀ ਹੀ ਖੁਦ ਕਰਦੀ ਸੀ ਤੇ ਇਹ ਵੀ ਇਕ ਗਿਣੀ ਮਿਥੀ ਸਾਜਸ਼ ਹੀ ਜੀ।

ਸਾਰੀ ਮੇਰੀ ਰਿਹਾਇਸ਼ ਵਾਲੀ ਕਲੋਨੀ ਇਸ ਮੇਰੀ ਬੇਟੀ ਦੇ ਆਚਰਣ ਦੀ ਗਰੰਟੀ ਦਿੰਦੀ ਹੈ।

ਭਰੋਸੇ ਯੋਗ ਸੂਤਰਾਂ ਮੁਤਾਬਕ ਓਹ ਲੜਕੀ ਜਿਸ ਨਾਲ ਇਹ ਪਹਿਲਾ ਤੋਂ ਹੀ ਮਾੜਾ ਹੈ ਸੁਖਪਾਲ ਕੌਰ ਉਰਫ ਸੁੱਖ ਗਰੇਵਾਲ ਵਾਸੀ ਏਲਨਾਬਾਦ ਨੂੰ ਗੋਲਡੀ ਨੇ ਆਸਟਰੇਲੀਆ ਵੀ ਭੇਜਿਆ ਸੀ।ਇਸ ਤੋਂ ਪਹਿਲਾਂ ਇਹ ਡੁਬਈ ਇਕੱਠੇ ਘੁੰਮਣ ਗਏ ਸਨ ਓਸਦੇ ਟਿਕਟਾਂ ਸਮੇਤ ਮੇਰੇ ਕੋਲ ਸਬੂਤ ਮੌਜੂਦ ਹਨ।ਗੋਲਡੀ ਦਾ ਫਲੈਟ ਮੁਹਾਲੀ ਵਿਖੇ ਸੈਕਟਰ ਅਠਾਠ ਇਕਵੰਜਾ ਸੌ ਚਾਲੀ ਨੰਬਰ ਮੌਜੂਦ ਹੈ। ਤਕਰੀਬਨ ਡੇਢ ਸਾਲ ਤੋਂ ਇਸੇ ਹੀ ਫਲੈਟ ਵਿਚ ਰਹਿ ਰਹੇ ਹਨ।

ਇਹ ਸਾਰਾ ਤਾਣਾ ਬਾਣਾ ਗੋਲਡੀ ਨੇ ਸਿਰ.ਫ ਤੇ ਸਿਰ.ਫ ਮੇਰੀ ਬੇਟੀ ਰਮਨ ਨੂੰ ਆਪਣੇ ਰਾਹ ਚੋਂ ਰੋੜਾ ਕੱਢਣ ਲਈ ਬੁਣਿਆ ਹੋਇਆ ਹੈ।ਉਸ ਨੂੰ ਇੱਕ ਬੇਟੀ ਦੀ ਜ਼ਿੰਦਗੀ ਖ਼ਰਾਬ ਕਰਨ ਦਾ ਕੀ ਅਧਿਕਾਰ ਸੀ ਜਦੋਂ ਕਿ ਉਸ ਦੇ ਪਹਿਲਾਂ ਹੀ ਨਜਾਇਜ਼ ਸਬੰਧ ਕਿਸੇ ਹੋਰ ਔਰਤ ਨਾਲ ਸਨ ?

ਬਹੁਤ ਵਾਰ ਪੰਚਾਇਤੀ ਤੌਰ ਤੇ ਜਦੋਂ ਕੋਈ ਗੱਲ ਬਾਤ ਸਿਰੇ ਨਾ ਲੱਗੀ ਤਾਂ ਅਸੀ ਇਹ ਕੇਸ ਵੋਮੈਨ ਸੈਲ ਸ੍ਰੀ ਮੁਕਤਸਰ ਸਾਹਿਬ ਵਿਖੇ ਕੀਤਾ ਜਿਸ ਤੇ ਉਸ ਨੇ ਰਮਨ ਤੋਂ ਤਲਾਕ ਲੈਣ ਦੀ ਗੱਲ ਕਹਿ ਕੇ ਖਰਚਾ ਦੇਣ ਦਾ ਇੱਕ ਲਿਖਤੀ ਅਸ਼ਟਾਮ ਦਿੱਤਾ ਜਿਸ ਵਿੱਚ ਉਸ ਨੂੰ ਸਾਫ ਲਿਖਿਆ ਹੈ ਕਿ ਮੈਂ ਤੇਈ ਲੱਖ ਰੁਪਏ ਦੇ ਦੇਵਾਂਗਾ ਜੋ ਕਿ ਵਿਆਹ ਤੇ ਖਾਣ ਪਾਣ ਅਤੇ ਤੁਸੀ ਦਾਜ ਦਿੱਤਾ ਹੈ ਪਰ ਮੈਂ ਰਮਨ ਨੂੰ ਵਸਾਉਣਾ ਨਹੀਂ ਤਲਾਕ ਦਿਓ।ਪਰ ਕਿਸੇ ਇਕਰਾਰ ਤੇ ਗੋਲਡੀ ਪੂਰਾ ਨਹੀਂ ਉਤਰਿਆ।ਇਸ ਤੋਂ ਬਾਅਦ ਇੱਕ ਕੇਸ ਰਮਨ ਦੇ ਮਾਮੇ ਨੇ ਡਬਵਾਲੀ ਵਿਖੇ ਵੋਮੈਨ ਸੈਲ ਵਿੱਚ ਕੀਤਾ ਜਿਸ ਵਿਚ ਵੀ ਗੋਲਡੀ ਨੇ ਅਠਾਈ ਲੱਖ ਦੇਣ ਦਾ ਵਾਅਦਾ ਕੀਤਾ ਕਿ ਸੱਤ ਅਪ੍ਰੈਲ ਵੀਹ ਸੌ ਵੀਹ ਨੂੰ ਪੈਸੇ ਦੇ ਦੇਵਾਂਗਾ ਪਰ ਮੈਂ ਤਲਾਕ ਹੀ ਚਾਹੁੰਦਾ ਹਾਂ।ਇਸ ਤੋ ਪਹਿਲਾਂ ਵੀ ਪੱਚੀ ਫਰਵਰੀ ਵੀਹ ਸੌ ਵੀਹ ਨੂੰ ਪੈਸੇ ਦੇਣ ਦਾ ਵਾਅਦਾ ਕੀਤਾ ਪਰ ਕਿਸੇ ਵੀ ਵਾਅਦੇ ਤੇ ਖਰਾ ਨਹੀਂ ਉਤਰਿਆ।

ਤਿੰਨ ਨੌ ਵੀਹ ਸੌ ਵੀਹ ਨੂੰ ਇੱਕ ਅਸ਼ਟਾਮ ਨੋਟਰੀ ਟੈਸਟਿਡ ਦੇ ਕੇ ਵਾਅਦਾ ਕੀਤਾ ਕਿ 25-11-2020 ਨੂੰ ਮੈਂ ਆਪ ਜੀ ਨੂੰ ਪੂਰੀ ਪੇਮੈਂਟ ਦੇ ਦੇਵਾਂਗਾ ਜੇ ਮੈਂ ਵਿਆਹ ਤੇ ਲੱਗੇ ਸਾਰੇ ਪੈਸੇ ਇਸ ਦਿਨ ਤੁਹਾਨੂੰ ਨਾ ਦਿੱਤੇ ਤਾਂ ਜੋ ਮਰਜੀ ਕਾਨੂੰਨੀ ਕਾਰਵਾਈ ਕਰਵਾ ਲੈਣੀ ਪਰ ਮੈਂ ਰਮਨ ਨੂੰ ਆਪਣੇ ਘਰ ਵਸਾਉਣਾ ਨਹੀਂ ਹੈ।ਇਸ ਤੋਂ ਪਹਿਲਾਂ ਵੀ ਐਸ ਐਚ ਓ ਵੋਮੈਨ ਸੈਲ ਡਬਵਾਲੀ ਤੇ ਵੋਮੈਨ ਸੈਲ ਸ੍ਰੀ ਮੁਕਤਸਰ ਸਾਹਿਬ ਵਿਖੇ ਵੀ ਦਸਤਖ਼ਤ ਸਮੇਤ ਇਕਰਾਰ ਕੀਤਾ ਹੈ ਪਰ ਕਿਤੇ ਵੀ ਖਰਾ ਨਹੀਂ ਉਤਰਿਆ ਸਗੋ ਸਾਨੂੰ ਲਾਰਿਆਂ ਅਤੇ ਟਿੱਚਰਾਂ ਤੇ ਰੱਖਿਆ ਹੋਇਆ ਹੈ।

ਸਤਿਕਾਰਯੋਗ ਦੋਸਤੋ ਕੋਈ ਵੀ ਇਨਸਾਨ ਭਾਵ ਲੜਕੀ ਦੇ ਮਾਤਾ ਪਿਤਾ ਇਹ ਕਦੇ ਵੀ ਨਹੀਂ ਚਾਹੁੰਦਾ ਕਿ ਉਸ ਦੀ ਬੇਟੀ ਦਾ ਵਸਦਾ ਰਸਦਾ ਘਰ ਇਸ ਤਰਾਂ ਖੇਰੂੰ ਖੇਰੂੰ ਹੋ ਜਾਵੇ ਜਿਸ ਨਾਲ ਇਹ ਬੀਤਦੀ ਹੈ ਓਹੋ ਜਾਣਦਾ ਹੈ। ਮੇਰੀ ਪ੍ਰਸ਼ਾਸਨ ਨੂੰ ਪੁਰਜ਼ੋਰ ਅਪੀਲ ਹੈ ਕਿ ਮੇਰੀ ਲੜਕੀ ਦੀ ਜ਼ਿੰਦਗੀ ਨੂੰ ਬਰਬਾਦ ਕਰਨ ਵਾਲੇ ਇਸ ਅਯਾਸ਼ੀ ਕਿਸਮ ਦੇ ਭੇੜੀਏ ਨੂੰ ਸਖਤ ਤੋਂ ਸਖਤ ਸਜ਼ਾ ਮਿਲੇ ਤੇ ਮੈਨੂੰ ਮੇਰੀ ਲੱਗੀ ਹੋਈ ਰਕਮ ਜੋ ਕਿ ਧੀਆਂ ਪੁੱਤਾਂ ਲਈ ਇਨਸਾਨ ਕਰਜਾ ਚੁੱਕ ਕੇ ਵੀ ਓਹਨਾਂ ਦੀ ਖੁਸ਼ੀ ਲਈ ਲਾਉਂਦੇ ਹਨ ਵਿਆਜ ਸਮੇਤ ਵਾਪਸ ਕਰਵਾਈ ਜਾਵੇ ਤਾਂ ਕਿ ਇਹੋ ਜਿਹੇ ਭੇੜੀਏ ਕਿਸਮ ਦੇ ਇਨਸਾਨ ਕਿਸੇ ਹੋਰ ਧੀ ਭੈਣ ਦੀ ਇੱਜ਼ਤ ਨਾ ਰੋਲਣ।ਇਸ ਇਨਸਾਨ ਨੂੰ ਕਾਨੂੰਨ ਮੁਤਾਬਕ ਵੱਧ ਤੋਂ ਵੱਧ ਸਜ਼ਾ ਮਿਲੇ,ਮੇਰੀ ਇਹੀ ਇਸ ਲਿਖਤ ਰਾਹੀਂ ਪ੍ਰਸ਼ਾਸਨ ਨੂੰ ਬੇਨਤੀ ਹੈ।

**ਬਲਵਿੰਦਰ ਸਿੰਘ ਸੰਧੂ**
**ਸ੍ਰੀ ਮੁਕਤਸਰ ਸਾਹਿਬ 90418-45399**

# ਜ਼ਿੰਦਗੀ 'ਚ ਮਹੱਤਵਪੂਰਨ ਹੈ ਭਾਸ਼ਣ ਦੇਣ ਦੀ ਕਲਾ

ਹਰੇਕ ਵਿਅਕਤੀ ਚਾਹੁੰਦਾ ਹੈ ਕਿ ਜਦੋਂ ਉਹ ਬੋਲੇ ਤਾਂ ਲੋਕ ਉਸਨੂੰ ਉਤਸੁਕਤਾ ਨਾਲ ਸੁਣਨ।ਹਰੇਕ ਵਿਅਕਤੀ ਸਟੇਜ਼ 'ਤੇ ਜਾ ਕੇ ਮਾਈਕ ਵਿਚ ਬੋਲਣਾ ਚਾਹੁੰਦਾ ਹੈ।ਪਰ ਉਸਦੇ ਅੰਦਰ ਬੈਠਾ ਡਰ ਉਸਨੂੰ ਗੂੰਗਾ ਬਣਾਈ ਰੱਖਦਾ ਹੈ।ਭਾਸ਼ਣ ਦੇਣਾ ਇਕ ਕਲਾ ਹੈ।ਅਭਿਆਸ ਕਰਕੇ ਇਸ ਕਲਾ ਵਿੱਚ ਨਿਪੁੰਨ ਹੋਇਆ ਜਾ ਸਕਦਾ

ਭਾਸ਼ਣ ਦੇਣ ਦੀ ਕਲਾ ਵਿੱਚ ਨਿਖ਼ਾਰ ਲਿਆਉਣ ਲਈ ਪ੍ਰੈਕਟਿਸ ਦੀ ਲੋੜ ਹੁੰਦੀ ਹੈ।ਜ਼ਰੂਰੀ ਨਹੀਂ ਕਿ ਹਰੇਕ ਵਿਅਕਤੀ ਇੱਕ ਚੰਗਾ ਬੁਲਾਰਾ ਹੋਵੇ।ਭੀੜ ਨੂੰ ਦੇਖ਼ਕੇ ਕਈ ਵਾਰ ਚੰਗੇ ਚੰਗਿਆਂ ਦੇ ਹੋਸ਼ ਉਡ ਜਾਂਦੇ ਹਨ।ਇੰਗਲੈਂਡ ਵਿੱਚ ਇਕ ਵਾਰ ਕੋਬਡੇਨ ਨਾਂ ਦੇ ਵਿਅਕਤੀ ਨੇ ਲੋਕਾਂ ਦੇ ਠਾਠਾਂ ਮਾਰਦੇ ਇੱਕਠ ਨੂੰ ਸੰਬੋਧਿਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਇੱਕ ਸ਼ਬਦ ਵੀ ਨਾ ਬੋਲ ਸਕਿਆ।ਉਸਦੀ ਜੀਭ ਨੂੰ ਜਿਵੇਂ ਤਾਲਾ ਹੀ ਲੱਗ ਗਿਆ ਹੋਵੇ।ਕਿਸੇ ਦਾ ਮਖੌਲ ਉਡਾਉਣਾ ਤਾਂ ਮਨੁੱਖ ਦੀ ਜਮਾਂਦਰੂ ਪ੍ਰਵਿਰਤੀ ਹੈ।ਇਸ ਲਈ ਲੋਕਾਂ ਉਸਨੂੰ ਟਿੱਚਰਾਂ ਕਰਨੀਆਂ ਸੁਰੂ ਕਰ ਦਿੱਤੀਆਂ ਲੋਕ ਉਨੀ ਦੇ ਭਾਸ਼ਣ ਦਾ ਸ਼ੁਰੂਆਤੀ ਭਾਗ ਰੋਚਕ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਆਪਣੀ ਨਿੱਜ਼ੀ ਜ਼ਿੰਦਗੀ ਵਿੱਚੋਂ ਵਿਸ਼ੇ ਨਾਲ ਸਬੰਧਤ ਕੋਈ ਘਟਨਾ, ਕੋਈ ਸ਼ੇਅਰ, ਤੁਕਾਂ, ਅਖਾਣ, ਦੇ ਕਿਸੇ ਸ਼ਬਦ ਦੀ ਵਰਤੋਂ ਕਰੋ ਕਿਉਂਕਿ ਪਹਿਲੀਆਂ ਦਸ ਕੁ ਲਾਈਨਾਂ ਸੁਣ ਕੇ ਲੋਕ ਅੰਦਾਜ਼ਾ ਲਗਾਉਣ ਲੱਗਦੇ ਹਨ ਕਿ ਬਾਕੀ ਦਾ ਭਾਸ਼ਣ ਕਿਸ ਤਰ੍ਹਾਂ ਦਾ ਹੋਵੇਗਾ। ਸਰੋਤਿਆਂ ਨੂੰ ਸੰਬੋਧਿਤ ਕਰਨ ਤੋਂ ਪਹਿਲਾਂ ਆਪਣੇ ਵਿਚਾਰਾਂ ਨੂੰ ਕ੍ਰਮਬੱਧ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ।ਕਈ ਵਾਰ ਵਿਚਾਰ ਬਹੁਤ ਦਮਦਾਰ ਹੁੰਦੇ ਹਨ ਪਰ ਬੇਤਰਤੀਬੇ ਢੰਗ ਨਾਲ ਪੇਸ਼ ਕਰਨ ਕਾਰਨ ਸਰੋਤਿਆਂ 'ਤੇ ਕੋਈ ਖਾਸ ਪ੍ਰਭਾਵ ਨਹੀਂ ਪੈਂਦਾ।ਕਈ ਵਾਰ ਤੁਸੀ ਸੱਚੀ ਭਾਵਨਾ ਨਾਲ ਦੂਜਿਆ ਦਾ ਭਲਾ ਕਰਨ ਦੀ ਗੱਲ ਕਰਦੇ ਹੋ ਪਰ ਆਤਮ ਵਿਸ਼ਵਾਸ਼ ਦੀ ਘਾਟ ਹੋਣ ਕਾਰਨ ਲੋਕ ਤੁਹਾਡੀਆਂ ਗੱਲਾਂ ਦਾ ਮਤਲਬ ਉਲਟ ਹੀ ਸਮਝਦੇ ਹਨ।ਅਜਿਹੇ ਬੁਲਾਰਿਆਂ ਨੂੰ ਉਨਾ ਸਤਿਕਾਰ ਨਹੀਂ ਮਿਲਦਾ ਜਿੰਨੇ ਦੇ ਉਹ ਹੱਕਦਾਰ ਹੁੰਦੇ ਹਨ।ਇਕ ਗੱਲ ਤਾਂ ਸਪੱਸ਼ਟ ਹੈ ਕਿ ਉਸ ਸਮੇਂ ਹੀ ਬੁਲਾਰੇ ਦੀ ਗੱਲ ਜਾਂ ਵਿਚਾਰ ਲੋਕਾਂ ਦੇ ਦਿਲ ਨੂੰ ਛੂੰਹਦੇ ਹਨ ਜਦੋਂ ਉਹ ਵਿਚਾਰ ਪੂਰੇ ਆਤਮ ਵਿਸ਼ਵਾਸ਼ ਨਾਲ ਪ੍ਰਗਟ ਕੀਤੇ ਜਾਣ। ਜੇਕਰ ਸੋਚ ਅਤੇ ਵਿਚਾਰਾਂ ਨੂੰ ਆਵਾਜ਼ ਦੇਣ ਸਮੇਂ ਘਬਰਾਹਟ ਮਹਿਸੂਸ ਹੁੰਦੀ ਹੈ ਤਾਂ ਲੰਮੇ ਸਾਹ ਲੈ ਕੇ ਘਬਰਾਹਟ 'ਤੇ ਕਾਬੂ ਪਾਇਆ ਜਾ ਸਕਦਾ ਹੈ। ਜੋ ਗੱਲ ਦ੍ਰਿੜ ਇਰਾਦੇ ਨਾਲ ਕਹੀ ਜਾਵੇ ਉਸ ਦਾ ਅਸਰ ਚਿਰ ਸਥਾਈ ਹੁੰਦਾ ਹੈ।ਭਾਸ਼ਣ ਕਰਦੇ ਸਮੇਂ ਇਕ ਗੱਲ ਦਾ ਖ਼ਾਸ ਖ਼ਿਆਲ ਰੱਖੋ ਕਿ ਤੁਹਾਡੇ ਵੱਲੋਂ ਬੋਲੇ ਹਰੇਕ ਸ਼ਬਦ ਦਾ ਉਚਾਰਣ ਸਹੀ ਅਤੇ ਸਾਫ਼ ਹੋਵੇ ਭਾਵ ਜੇ ਦੋ ਮਿੰਟ ਲਈ ਬੋਲਣਾ ਹੈ ਤਾਂ ਹਰ ਇੱਕ ਸ਼ਬਦ ਅਰਥ ਭਰਪੂਰ ਹੋਣਾ ਚਾਹੀਦਾ ਹੈ।ਜੇ ਅਵਾ-ਤਵਾ ਹੀ ਬੋਲਣਾ ਹੈ ਤਾਂ ਚਾਹੇ ਸਾਰਾ ਦਿਨ ਮਗਜ਼ ਮਾਰੀ ਜਾਉ ਉਸਦਾ ਕੋਈ ਫ਼ਾਇਦਾ ਨਹੀਂ।ਕਿਸੇ ਵੀ ਵਿਸ਼ੇ 'ਤੇ ਭਾਸ਼ਣ ਕਰਦੇ ਸਮੇਂ ਸ਼ਬਦਾਂ ਦੀ ਚੋਣ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੁੰਦਾ ਹੈ।।ਜੰਗ ਦੇ ਮੈਦਾਨ ਵਿੱਚ ਉੱਚੀ-ਉੱਚੀ ਬੋਲ ਕੇ ਲਾਏ ਨਾਹਰੇ ਜਵਾਨਾਂ ਵਿੱਚ ਅੰਤਾਂ ਦਾ ਜੋਸ਼ ਭਰ ਦਿੰਦੇ ਹਨ।ਇਸੇ ਤਰ੍ਹਾਂ ਇੱਕ ਸਫ਼ਲ ਬੁਲਾਰਾ ਆਪਣੇ ਵਿਚਾਰਾਂ ਨਾਲ ਸਰੋਤਿਆਂ ਵਿੱਚ ਨਵੀਂ ਰੂਹ ਫੂਕ ਕੇ ਉਤਸ਼ਾਹ ਨਾਲ ਉਨ੍ਹਾਂ ਦੇ ਖ਼ੂਨ ਦਾ ਦੌਰਾ ਤੇਜ਼ ਕਰਨ ਦੇ ਸਮਰੱਥ ਹੁੰਦਾ ਹੈ।ਬੋਲਣਾ ਹੈ ਇਸ ਕਰਕੇ ਹੀ ਨਾ ਬੋਲੋ।ਇਸ ਦਾ ਬਹੁਤ ਮਾੜਾ ਪ੍ਰਭਾਵ ਪੈ ਸਕਦਾ।ਸਟੇਜ ਤੋਂ ਜੋ ਵੀ ਬੋਲਣਾ ਹੈ ਉਤਸ਼ਾਹ ਨਾਲ ਬੋਲੋ। ਕਿਸੇ ਵੀ ਮੰਚ ਤੋਂ ਸੰਬੋਧਨ ਕਰਦੇ ਸਮੇਂ ਜ਼ਰੂਰੀ ਹੈ ਕਿ ਤੁਹਾਡੇ ਚਿਹਰੇ ਦੇ ਹਾਵ-ਭਾਵ ਤੁਹਾਡੇ ਵੱਲੋਂ ਪ੍ਰਗਟ ਕੀਤੇ ਜਾ ਰਹੇ ਵਿਚਾਰ ਨਾਲ ਮੇਲ ਖਾਂਦੇ ਹੋਣੇ ਚਾਹੀਦੇ ਹਨ।ਸਟੇਜ਼ ਦੇ ਕਲਾਕਾਰ ਵਾਂਗ ਕਲਾਤਮਕ ਤਰੀਕੇ ਨਾਲ ਆਵਾਜ਼ ਵਿੱਚ ਉਤਰਾਅ-ਚੜ੍ਹਾਅ ਲਿਆ ਕੇ ਸਰੋਤਿਆਂ ਦਾ ਧਿਆਨ ਖਿੱਚਿਆ ਜਾ ਸਕਦਾ ਹੈ।ਜੇ ਤੁਸੀਂ ਕਿਸੇ ਵੱਡੇ ਹਾਲ ਵਿੱਚ ਭਾਸ਼ਣ ਦੇ ਰਹੇ ਹੋਂ ਤਾਂ ਆਪਣੀ ਨਿਗਾਹ ਕਦੇ ਆਖ਼ਰੀ ਕਤਾਰ ਵਿੱਚ ਬੈਠੇ ਲੋਕਾਂ 'ਤੇ ਕਦੇ ਵਿਚਕਾਰ ਤੇ ਕਦੇ ਮੂਹਰਲੀ ਕਤਾਰ ਵਿੱਚ ਬੈਠੇ ਲੋਕਾਂ 'ਤੇ ਘੁਮਾਓ।ਕਿਸੇ ਇੱਕ ਵਿਅਕਤੀ ਦੀਆਂ ਅੱਖਾਂ ਵਿੱਚ ਅੱਖਾਂ ਪਾਉਣ 'ਤੇ ਤੁਹਾਡਾ ਧਿਆਨ ਭੰਗ ਹੋ ਸਕਦਾ ਹੈ।ਇਸ ਤੋਂ ਉਲਟ ਜੇ ਤੁਸੀਂ ਸਿਰਫ ਕੰਧਾਂ ਵੱਲ ਨਿਗ੍ਹਾ ਮਾਰ ਕੇ ਹੀ ਬੋਲੀ ਜਾ ਰਹੇ ਹੋ ਤਾਂ ਲੋਕ ਤੁਹਾਡੀਆਂ ਗੱਲਾਂ ਤੋਂ ਜਲਦੀ ਹੀ ਬੋਰ ਹੋ ਜਾਣਗੇ। ਸਰੋਤਿਆਂ ਦੇ ਪੱਧਰ ਦੀ ਸ਼ਬਦਾਵਲੀ ਵਰਤੋ ਤਾਂ ਕਿ ਉਹ ਤੁਹਾਡੀ ਗੱਲ ਸੌਖਿਆ ਹੀ ਸਮਝ ਜਾਣ।ਜਦੋਂ ਕੋਈ ਗੁਣਵਾਨ ਬੁਲਾਰਾ ਸਰੋਤਿਆਂ ਦੇ ਬੌਧਿਕ ਪੱਧਰ ਤੋਂ ਉੱਚੀ ਸ਼ਬਦਾਵਲੀ ਦੀ ਵਰਤੋਂ ਕਰਦਾ ਹੈ ਤਾਂ ਉਹ ਮੱਝਾਂ ਮੂਹਰੇ ਬੀਨ ਹੀ ਬਜਾ ਰਿਹਾ ਹੁੰਦਾ ਹੈ।ਜਿਵੇਂ ਬਾਸੇ ਸਮੋਸੇ ਕਿਸੇ ਨੂੰ ਵੀ ਪਸੰਦ ਨਹੀਂ ਹੁੰਦੇ ਉਸੇ ਤਰਾਂ ਬਾਸੀ ਜਾਣਕਾਰੀ ਤੇ ਵਿਚਾਰ ਵੀ ਲੋਕਾਂ ਨੂੰ ਪਸੰਦ ਨਹੀਂ ਆਉਂਦੇ।ਇਸ ਲਈ ਚੰਗੇ ਬੁਲਾਰੇ ਲਈ ਆਪਣੀ ਜਾਣਕਾਰੀ ਨੂੰ ਤਰੋਤਾਜ਼ਾ ਰੱਖਣ ਲਈ ਅਖ਼ਬਾਰ, ਰਸਾਲੇ, ਕਿਤਾਬਾ, ਆਦਿ ਪੜ੍ਹਨਾ ਬਹੁਤ ਜ਼ਰੂਰੀ ਹੈ।ਜੇਕਰ ਕੋਈ ਸਰੋਤਾ ਵਿਸ਼ੇ ਨਾਲ ਸਬੰਧਿਤ ਸਵਾਲ ਪੁੱਛਦਾ ਹੈ ਤਾਂ ਠਰੰਮੇ ਨਾਲ ਬੋਲਦੇ ਹੋਏ ਤਰਕ ਨਾਲ ਸੰਤੁਸ਼ਟੀਜਨਕ ਜਵਾਬ ਦੇਣਾ ਚਾਹੀਦਾ ਹੈ। ਆਪਣੇ ਅਤੇ ਦੂਜਿਆਂ ਦੇ ਸਮੇਂ ਦਾ ਧਿਆਨ ਰੱਖਦੇ ਹੋਏ ਆਪਣਾ ਭਾਸ਼ਣ ਮੁੱਖ ਵਿਸ਼ੇ 'ਤੇ ਕੇਂਦਿਰਤ ਰੱਖੋ।ਭਾਸ਼ਣ ਜ਼ਿਆਦਾ ਲੰਮਾ ਨਹੀਂ ਹੋਣਾ ਚਾਹੀਦਾ ਕਿਉਂਕਿ ਇੱਕ ਘੰਟੇ ਮਗਰੋਂ ਮਨੁੱਖ ਦੇ ਦਿਮਾਗ਼ ਵਿੱਚੋਂ ਕੁੱਝ ਰਸਾਇਣ ਨਿਕਲਣ ਕਾਰਨ ਧਿਆਨ ਖੰਡਿਤ ਹੋਣ ਲੱਗਦਾ ਹੈ।ਇਸ ਲਈ ਕਾਲਜ਼ ਅਤੇ ਯੂਨੀਵਰਸਿਟੀਆਂ ਵਿੱਚ ਪੀਰੀਅਡ ਦਾ ਸਮਾਂ ਘੰਟੇ ਤੋਂ ਜ਼ਿਆਦਾ ਨਹੀਂ ਹੁੰਦਾ।

**ਵਿਜੈ ਗਰਗ**
**ਸਾਬਕਾ ਪੀਈਐਸ-1 ਮਲੋਟ**

Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 266
Website: www.preetnama.com Email preetnamausa@gmail.com
30 AUGUST TO 05 SEPTEMBER, 2024



# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 268

Website: www.preetnama.com Email preetnamausa@gmail.com

30 AUGUST TO 05 SEPTEMBER, 2024




# ਪ੍ਰੀਤ ਫੁਲਵਾੜੀ

## ਮੈਨੂੰ ਉਦਾਸ ਰਹਿਣ ਦਿਓ

ਮੈਨੂੰ ਉਦਾਸ ਰਹਿਣ ਦਿਓ ,
ਸੱਜਣਾ ਦੇ , ਪਾਸ ਰਹਿਣ ਦਿਓ ।
ਰੂਹ ਵਿੱਚ , ਵੱਸਦੇ ਨੇ ਓਹ ,
ਰੂਹਾਂ ਚ , ਵਾਸ ਰਹਿਣ ਦਿਓ ।
ਮੈਨੂੰ ਉਦਾਸ ...... ...... ......
ਯਾਦਾਂ ਦੀ ਤਾਰ , ਉਸ ਨਾਲ ਜੁੜੀ ,
ਹਰ ਸਾਹ , ਉਸ ਵੱਲ ਹੈ ਮੁੜੀ ,
ਤੋੜੋ ਨਾ ਯਾਰੋ, ਸਾਨੂੰ ਕੋਈ ,
ਨੌਹ ਤੇ ਸਾਨੂੰ , ਮਾਸ ਰਹਿਣ ਦਿਓ ।
ਮੈਨੂੰ ਉਦਾਸ ..... ..... ..... ...
ਚਿੜੀਆਂ ਦੀ ਮੌਤ , ਗਵਾਰਾਂ ਦਾ ਹਾਸਾ ,
ਲੋਕਾਂ ਨੂੰ ਲਗਦਾ , ਪਿਆਰ ਤਮਾਸਾ ,
ਤੁਰਦੀ ਫਿਰਦੀ , 'ਦਰਦੀ' ਨੂੰ ,
ਲੋਕੋ ਉਸ ਨੂੰ , ਲਾਸ਼ ਰਹਿਣ ਦਿਓ ।
ਮੈਨੂੰ ਉਦਾਸ .... ..... ..... .... ....

**ਸ਼ਿਵਨਾਥ ਦਰਦੀ**
**ਸੰਪਰਕ :- 9855155392**

## ਧਰਨਾ

ਗੋਡੇ ਦੁਖਦੇ ਬੇ ?ਸ਼ੱਕ ,,
ਤੇਰੀ ਹਿੱਕ ਤੇ ਰੱਖਣਗੇ,,
ਕੌਣ ਸਾਡਾ ਕੌਣ ਜਾਅਲੀ,
ਹੁਣ ਸਭ ਨੂੰ ਪਰਖਣਗੇ,,

ਦੇ ਕੇ ਮਿੱਠੀਆਂ ਗੋਲੀਆਂ,,
ਇਹ ਸਾਨੂੰ ਭਰਮਾਉਂਦੇ ਰਹੇ,,
ਹੁਣ ਕਫ਼ਨ ਬੰਨ ਲਏ,,
ਮਰ ਮਰ ਜ਼ਿਉਂਦੇ ਰਹੇ,,

ਡਾਗਾਂ ਸਹਾਰੇ ਤੁਰਦੇ ਜੋ,,
ਸਿਸਟਮ ਦੀਆਂ ਡਾਗਾਂ ਝਲਦੇ ਨੇ,
ਖ਼ੂਨ ਖੌਲਿਆ ਜਵਾਨਾਂ ਦਾ,
ਬੰਨਾਂ ਨਾਲ ਦਰਿਆ ਨਾ ਠੱਲਦੇ ਨੇ,,

ਵਟ ਕੱਢਣੇ ਹੁਣ ਉਹਨਾਂ ਦੇ,,
ਜੋ ਚਾਹੁੰਦੇ ਚੜਨਾਂ ਵੱਟਾਂ ਤੇ,,
ਆਹ ਮੋਦੀਆ ਟੱਕਰ ਹੁਣ,,
ਯੋਧੇ ਥਾਪੀਆਂ ਮਾਰਦੇ ਪੱਟਾਂ ਤੇ,,

ਪਹਿਲਾਂ ਸਾਂਤ ਰਹਿ ਕੇ ਘਰਾਂ ਚ,,
ਬੜਾ ਹੀ ਵਕਤ ਲੰਘਾ ਲਿਆ ਓਏ,,
ਬੇਸ਼ੱਕ ਰੌਣਕਾਂ ਲੱਗਣ ਸਿਵਿਆਂ ਚ,,
ਮੁੜਨਾ ਨਾ ਮੱਖਣ ਸ਼ੇਰੋਂ ਵਾਲਿਆ ਓਏ,,

**ਮੱਖਣ ਸ਼ੇਰੋਂ ਵਾਲਾ**
**ਪਿੰਡ ਤੇ ਡਾਕ ਸ਼ੇਰੋਂ ਤਹਿ ਸੁਨਾਮ ਜਿਲ੍ਹਾ ਸੰਗਰੂਰ।**
**ਸੰਪਰਕ 98787-98726**

## ਰੇਲਗੱਡੀ

ਛੁਕ - ਛੁਕ ਕਰਦੀ ਆਉਂਦੀ ਰੇਲ,
ਚੱਲਣ ਨੂੰ ਮੰਗੇ ਬਿਜਲੀ ਅਤੇ ਤੇਲ।
ਗੋਰਿਆਂ ਇਸਦੀ ਕਰਕੇ ਸ਼ੁਰੂਆਤ,
ਘੱਟ ਸਮੇਂ 'ਚ ਮੁਕਾਈ ਲੰਬੀ ਵਾਟ।
ਅਠਾਰਾਂ ਸੌਂ ਤਰਵੰਜਾਂ ਦੀ ਇਹ ਗੱਲ,
ਸਾਡੇ ਚਲਾਈ ਬੰਬਈ ਤੌਂ ਥਾਣੇ ਵੱਲ।
ਗਾਰਡ ਜਦ ਹਰੀ ਝੰਡੀ ਦਿਖਾਉਂਦਾ,
ਡਰਾਈਵਰ ਰੇਲ ਨੂੰ ਫੇਰ ਚਲਾਉਂਦਾ।
ਟੀ ਟੀ ਡੱਬਿਆਂ ਵਿੱਚ ਕੱਢਦਾ ਗੇੜੇ,
ਦੰਡ ਵਸੂਲੇ ਬਿਨ ਟਿਕਟ ਤੋਂ ਜਿਹੜੇ।
ਇਸਦੇ ਅੱਡੇ ਨੂੰ ਕਹਿੰਦੇ ਨੇ ਜੰਕਸ਼ਨ,
ਕਰਦੀਆਂ ਕਈ ਕਿਸਮ ਦੇ ਫੰਕਸ਼ਨ।
ਮਾਲ ਗੱਡੀਆਂ ਢੋਅਦੀਆਂ ਨੇ ਸਮਾਨ,
ਯਾਤਰੂ ਗੱਡੀ 'ਚ ਬੰਦੇ ਆਉਂਣ ਜਾਣ।
ਬੱਚਿਓ= ਟਰੇਨ ਵਿੱਚ ਕਰਕੇ ਸਵਾਰੀ,
ਬੰਦਾ ਕੁਦਰਤ ਨਾਲ ਲਾਉਂਦਾ ਯਾਰੀ।

**ਪਤਾ- ਚਮਨਦੀਪ ਸ਼ਰਮਾ, 298 ਮਹਾਰਾਜਾ ਯਾਦਵਿੰਦਰਾ ਐਨਕਲੇਵ, ਨਾਭਾ ਰੋਡ, ਪਟਿਆਲਾ**
(95010 33005)

## ਵਣਜਾਰਾ ਆਇਆ

ਕੇਰਾਂ,ਸਾਡੀ ਗਲੀ ਵਣਜਾਰਾ ਆਇਆ,
ਵੰਗਾਂ ਲੈ ਲਓ ਹੋਕਾ ਲਾਇਆ।
ਕੁਝ ਕੁ ਵਿੱਚ ਟਰੰਕ ਦੇ ਪਾਈਆਂ,
ਨਾਲੇ ਹੈਂਡਲ ਨਾਲ ਲਮਕਾਈਆਂ।
ਲਾਲ ਪੀਲੀਆਂ ਰੰਗ ਬਰੰਗੀਆਂ,
ਹਰ ਇੱਕ ਤਾਂਈ ਲੱਗਦੀਆਂ ਚੰਗੀਆਂ।
ਸਾਈਕਲ ਸਟੈਂਡ ਦੇ ਉੱਤੇ ਲਾ ਕੇ,
ਬੈਠ ਗਿਆ ਉਹ ਚਾਦਰ ਵਛਾਕੇ।
ਵੰਗਾਂ ਦੇ ਨਾਲ ਰੱਖੇ ਗਜਰੇ,
ਲੱਗਦੇ ਜਿਵੇਂ ਲਿਆਂਦੇ ਸੱਜਰੇ।
ਆਂਢ ਗੁਆਂਢੋ ਆਈਆਂ ਕੁੜੀਆਂ,
ਸੰਤੋਂ ਬੰਤੋ ਆ ਕੇ ਜੁੜੀਆਂ।
ਫੜ ਵੀਣੀ ਵਿੱਚ ਵੰਗਾਂ ਪਾਵੇ,
ਕਈ ਤਰਾਂ ਦੇ ਰੰਗ ਸਜਾਵੇ।
ਸੀ ਵਣਜਾਰਾ ਦਿਲ ਖੁਸ਼ ਬੰਦਾ,
ਸਾਡਾ ਕਹੇ ਇਹ ਭੈਣੇ ਧੰਦਾ।
ਕਈਆਂ ਨਾਲ ਉਧਾਰ ਕਰ ਗਿਆ,
ਬਾਹਾਂ ਵੰਗਾਂ ਨਾਲ ਭਰ ਗਿਆ।
ਫੇਰ ਆਊਂਗਾ,÷ਪੱਤੋ÷ ਕਹਿ ਗਿਆ,
ਪੈਸਿਆਂ ਦੀ ਭਰ ਗੁੱਥਲੀ ਲੈ ਗਿਆ।
ਹੁਣ ਵਣਜਾਰੇ ਉਹ ਆਉਣੋਂ ਹੱਟਗੇ,
ਰਿਵਾਜ ਪੁਰਾਣੇਂ ਉਹ ਵੀ ਘੱਟਗੇ।

**ਹਰਪ੍ਰੀਤ ਪੱਤੋ**
**ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
94658-21417

## ਬੰਦੇ ਰੂਪ ਬਘਿਆੜ

ਜਿੱਥੇ ਭੇੜੀਏ ਚੂੰਡਣ ਨਿੱਤ ਚਮੜੀ,
ਉੱਥੇ ਹਾਲ ਕੀ ਗਊਆਂ ਵੱਛੀਆਂ ਦਾ।
ਜਿੱਥੇ ਨਿਹੱਥਿਆਂ ਗਲ ਨਿੱਤ ਪੈਣ ਰੱਸੇ।
ਉੱਥੇ ਦੋਸ਼ ਕੀ ਬਾਣ ਦੀਆਂ ਰੱਸੀਆਂ ਦਾ।
ਜਿੱਥੇ ਮਾਛੀ ਨਿੱਤ ਨਵੇਂ ਢੰਗ ਵਰਤੇ,
ਉੱਥੇ ਹਾਲ ਕੀ ਦੱਸੋ ਮੱਛੀਆਂ ਦਾ।
ਜਿੱਥੇ ਰੁਖ ਦਰਿਆਵਾਂ ਦੇ ਵਹਿਣ ਉਲਟੇ,
ਉੱਥੇ ਦੋਸ਼ ਕੀ ਸੂਏ ਕੱਸੀਆਂ ਦਾ।
ਜਿੱਥੇ ਬੰਦੇ ਰੂਪ ਬਘਿਆੜ ਹੋਵਣ,
ਹੁੰਦਾ ਮੁਸ਼ਕਿਲ ਜਿਉਣਾ ਬੱਚੀਆਂ ਦਾ।
ਕਿੱਥੇ ਲੁਕਾਉਣ ਮਾਪੇ ਢਿੱਡੋਂ ਜੰਮੀਆਂ ਨੂੰ,
ਪੁੱਛੋਂ ਹਾਲ ਕੀ ਆਂਦਰਾਂ ਪੱਛੀਆਂ ਦਾ।
ਸਖ਼ਤ ਸਜ਼ਾਵਾਂ ਦਿਓ ਉਨ੍ਹਾਂ ਦੋਸ਼ੀਆਂ ਨੂੰ,
ਪਤਾ ਲੱਗੇ ਚੌਕ @ਚ ਲੋਥਾਂ ਮੱਚੀਆਂ ਦਾ।
ਹਰਪ੍ਰੀਤ ਪੱਤੋ, ਕਲਯੁੱਗ ਨੂੰ ਐਵੇਂ ਬਦਨਾਮ ਕੀਤਾ,
ਨਿਕਲੇ ਮਨੁੱਖ ਦੋਸ਼ੀ ਕਰਤੂਤਾਂ ਦੱਸੀਆਂ ਦਾ।

**ਹਰਪ੍ਰੀਤ ਪੱਤੋ**
**ਪਿੰਡ- ਪੱਤੋ ਹੀਰਾ ਸਿੰਘ ਮੋਗਾ**
**ਫੋਨ ਨੰਬਰ-9465821417**

## ਬੰਦੇ ਰੂਪ ਬਘਿਆੜ

ਦਰਦ ਕਿਸੇ ਨੂੰ ਦੱਸੀ ਨਾ ਪਛਤਾਏਂਗਾ।
ਗ਼ੈਰਾਂ ਦੇ ਵਿਚ ਹੱਸੀ ਨਾ ਪਛਤਾਏਂਗਾ।
ਕੱਖਾਂ ਵਿਚ ਚਿੰਗਾਰੀ ਧੁਖਦੀ ਵੇਖੀ ਊ,
ਵੇਖੀ ਏ ਤਾਂ ਦੱਸੀ ਨਾ ਪਛਤਾਏਂਗਾ।
ਸਾਰਾ ਤਨ ਹੀ ਨੀਲਾ-ਨੀਲਾ ਹੋ ਜਾਊ,
ਵਰਮੀਂ ਵਿਚ ਹੱਥ ਧੱਸੀ ਨਾ ਪਛਤਾਏਂਗਾ।
ਚਾਰ ਚੁਫੇਰੇ ਕੰਡੇ-ਕੰਡੇ ਹੋ ਜਾਂਦੇ,
ਥੋਰਾਂ ਦੇ ਵਿਚ ਵੱਸੀ ਨਾ ਪਛਤਾਏਂਗਾ।
ਤੇਰੀ ਛਾਤੀ ਦੇ ਵਿਚ ਟਾਂਕੇ ਕੱਚੇ ਨੇ,
ਤੀਰ ਕਮਾਨੇਂ ਕੱਸੀ ਨਾ ਪਛਤਾਏਂਗਾ।
ਅਪਣੀ ਸਾਰੀ ਹੋਂਦ ਗਵਾ ਕੇ ਬੈਠੇਂਗਾ,
ਭੀੜ 'ਚ ਐਵੇਂ ਫੱਸੀ ਨਾ ਪਛਤਾਏਂਗਾ।
ਖ਼ੂਹ ਦੇ ਉਤੇ ਏਦਾਂ ਜਾਣ ਦਾ ਕੀ ਫਾਇਦਾ,
ਡੋਲੂ ਹੈ ਪਰ ਰੱਸੀ ਨਾ ਪਛਤਾਏਂਗਾ।
ਸਾਹਿਤ ਦੇ ਮੈਦਾਨ 'ਚ ਜੇਕਰ ਡੱਟਿਆ ਏਂ,
'ਬਾਲਮ ਛਡ ਕੇ ਨੱਸੀ ਨਾ ਪਛਤਾਏਂਗਾ।

**ਬਲਵਿੰਦਰ ਬਾਲਮ ਗੁਰਦਾਸਪੁਰ**
**ਓਂਕਾਰ ਨਗਰ ਗੁਰਦਾਸਪੁਰ ਪੰਜਾਬ**
ਮੋ. 98156-25409

## ਚੰਗਾ ਹੈ

ਝੂਠ ਬੋਲਣ ਤੋਂ ਤੋਬਾ ਕਰ ਲਵੇਂ, ਤਾਂ ਚੰਗਾ ਹੈ।
ਈਰਖਾ ਦਾ ਦਰਿਆ ਤਰ ਲਵੇਂ,ਤਾਂ ਚੰਗਾ ਹੈ।
ਮਾਂ-ਪਿਉ ਸਦਾ ਬੱਚਿਆਂ ਦਾ ਭਲਾ ਚਾਹੁੰਦੇ ਨੇ,
ਉਨ੍ਹਾਂ ਦੇ ਕੌੜੇ ਬੋਲ ਜਰ ਲਵੇਂ,ਤਾਂ ਚੰਗਾ ਹੈ।
ਠੀਕ ਥਾਂ ਤੇ ਰੱਖੀ ਚੀਜ਼ ਛੇਤੀ ਲੱਭ ਪੈਂਦੀ ਹੈ,
ਹਰ ਚੀਜ਼ ਠੀਕ ਥਾਂ ਤੇ ਧਰ ਲਵੇਂ, ਤਾਂ ਚੰਗਾ ਹੈ।
ਚੰਗੇ ਕੰਮ ਕਰਨ ਵਾਲਿਆਂ ਦੀ ਲੋਕ ਇੱਜ਼ਤ ਕਰਦੇ ਨੇ,
ਤੂੰ ਜੇਕਰ ਚੰਗੇ ਕੰਮ ਕਰ ਲਵੇਂ, ਤਾਂ ਚੰਗਾ ਹੈ।
ਹੱਕ ਪਰਾਇਆ ਖਾਣਾ ਚੰਗਾ ਨਹੀਂ ਹੁੰਦਾ,
ਦਸਾਂ ਨਹੁੰਆਂ ਦੀ ਕਿਰਤ ਕਰ ਲਵੇਂ, ਤਾਂ ਚੰਗਾ ਹੈ।
ਇਹ ਨਾ ਹੋਵੇ ਲੋੜ ਪੈਣ ਤੇ ਕੋਈ ਆਵੇ ਹੀ ਨਾ,
ਦੋਸਤਾਂ ਦੀ ਪਹਿਲਾਂ ਹੀ ਪਰਖ ਕਰ ਲਵੇਂ, ਤਾਂ ਚੰਗਾ ਹੈ।
ਬੁਰੇ ਦਿਨ ਕਿਸੇ ਨੂੰ ਪੁੱਛ ਕੇ ਨ੍ਹੀ ਆਉਂਦੇ,
ਬੁਰੇ ਦਿਨਾਂ ਲਈ ਖੀਸਾ ਭਰ ਲਵੇਂ, ਤਾਂ ਚੰਗਾ ਹੈ।

**ਮਹਿੰਦਰ ਸਿੰਘ ਮਾਨ**
**ਸਾਮ੍ਹਣੇ ਅੰਗਦ ਸਿੰਘ ਐੱਮ ਐੱਲ ਏ ਹਾਊਸ**
**ਸਲੋਹ ਰੋਡ**
**ਨਵਾਂ ਸ਼ਹਿਰ-144514**
**ਫੋਨ 9915803554**

## ਮਾਤਾ ਮੇਰੇ

ਪੈਂਹਠ ਸਾਲ ਦੇ ਮਾਤਾ ਮੇਰੇ
ਜ਼ਿੰਦਗੀ ਵਿੱਚ ਦੁੱਖ ਸਹੇ ਬਥੇਰੇ
ਜਨਮ ਤੋਂ ਹੀ ਉੱਚਾ ਸੁਣਦਾ
ਪੂਰੀ ਜਾਣਕਾਰੀ ਨਾ ਲੱਗੀ ਨੇੜੇ
ਵਿੱਦਿਆ ਤੋਂ ਭਾਵੇਂ ਕੋਰੇ ਅਣਪੜ੍ਹ
ਪਰ ਹਿਸਾਬ ਕਿਤਾਬ ਦੇ ਪੱਕ ਪਕੇਰੇ
ਪੰਤਾਲੀ ਸਾਲ ਦੇ ਪਾਪਾ ਮੋਏ
ਮਾਤਾ ਦੇ ਦੁੱਖ ਹੋਏ ਡੂੰਘੇਰੇ
ਵੱਡੀਆਂ ਲੰਬੀਆਂ ਔਕੜਾਂ ਆਈਆਂ
ਕਈ ਵਰ੍ਹੇ ਬੀਤਗੇ ਵਿੱਚ ਹਨੇਰੇ
ਹੱਥੀ ਕਿਰਤ ਤੇ ਮਿਹਨਤ ਕੀਤੀ
ਹੌਂਸਲੇ ਦੇ ਖੰਭ ਰੱਖੇ ਵਡੇਰੇ
ਪੜ੍ਹਨ ਲਿਖਣ ਦਾ ਹੌਂਸਲਾ ਦਿੱਤਾ
ਪੈਸੇ ਪੜ੍ਹਾਈ ਤੇ ਖਰਚੇ ਵਥੇਰੇ
ਵਿੱਦਿਆ ਦਾ ਭੈਣਾਂ ਨੂੰ ਦਿੱਤਾ ਦਾਜ
ਵਿਆਹ ਦੇ ਸਾਰੇ ਕਾਰਜ ਨਬੇੜੇ
ਜ਼ਿੰਮੇਵਾਰੀ ਦੀ ਪੰਡ ਹਲਕੀ ਹੋਈ
ਫੇਰ ਮਾਤਾ ਜੀ ਹੋਏ ਸਾਡੇ ਚੁਫੇਰੇ
ਕਿਸੇ ਚੀਜ਼ ਦੀ ਘਾਟ ਨਾ ਰੱਖੀ
ਸਾਨੂੰ ਦਿੱਤੇ ਸੁੱਖ ਵਥੇਰੇ
ਵਿੱਦਿਆ ਵਾਲਾ ਗਹਿਣਾ ਦਿੱਤਾ
ਸਾਨੂੰ ਮੰਜ਼ਿਲ ਦੇ ਰਾਹ ਦਸੇਰੇ
ਹੌਲੀ ਹੌਲੀ ਚਲਦੇ ਰਹੇ
ਅੰਤ ਲਾਏ ਮੰਜ਼ਿਲ @ਤੇ ਡੇਰੇ
ਉੱਚਾ ਰੁੱਤਬਾ ਹੋਈ ਤਰੱਕੀ
ਤੋੜੇ ਗੁਲਾਮੀ ਵਾਲੇ ਘੇਰੇ
ਕਲੇਰ ਮਾਤਾ ਜੀ ਸ਼ੁਕਰਾਨੇ ਕਰਦੇ
ਘਰ ਵਿੱਚ ਛਾਏ ਖੁਸ਼ੀਆਂ ਖੇੜੇ

**ਹੰਸ ਕਲੇਰ ਦੁਗਾਲ**
9530570638

## ਬਾਪੂ

ਜਦੋਂ ਫੁੱਟਣ ਲੱਗੀ ਦਾਹੜੀ ਸੀ
ਬਣ ਪਿਓ ਪੁੱਤ ਗਏ ਆੜੀ ਸੀ
ਦੇਖ ਸੋਹਣੇ ਕੱਟਦੇ ਦਿਨਾਂ ਨੂੰ
ਰੱਬ ਚੰਦਰਾ ਕਿਉਂ ਨਾ ਬਹਿ ਗਿਆ
ਖੌਰੇ ਉੱਥੇ ਉਹਦੀ ਕਿੰਨੀ ਲੋੜ ਹੋਣੀ
ਉਹ ਤਾਹੀਓਂ ਉਹਨੂੰ ਲੈ ਗਿਆ
ਕਈ ਵਾਰ ਤਾਂ ਵਾਂਗ ਕਮਲਿਆਂ ਦੇ
ਮੇਰਾ ਐਸਾ ਮਨ ਡੋਲਦਾ ਆ
ਤੂੰ ਜਿੱਥੇ ਜਿੱਥੇ ਸੀ ਪੈਰ ਰੱਖੇ
ਮੈਂ ਉੱਥੋਂ ਮਿੱਟੀ ਰਹਿੰਦਾ ਫਰੋਲਦਾ ਹਾਂ
ਤੇਰੇ ਨਾਲ ਸੋਚੇ ਹੋਏ ਚਾਅਵਾਂ ਨੂੰ
ਰਹਿੰਦਾ ਅੰਦਰੋਂ ਅੰਦਰੀ ਦੱਬਦਾ ਹਾਂ
ਤੇਰੇ ਆਉਂਦੇ ਜਾਂਦੇ ਰਾਹਵਾਂ ਤੇ
ਮੈਂ ਤੈਨੂੰ ਰਹਿੰਦਾ ਲੱਭਦਾ ਹਾਂ

**(ਚੇਤਨ ਸ਼ਰਮਾ,ਕਲਰਕ**
**ਸਹਸ ਰਾਜਗੜ੍ਹ ,ਨਾਭਾ**
9417558971)

## .ਗਜ਼ਲ

ਮੱਥੇ @ਚ ਚਿਣਗ ਆਉਣੀ, ਵਿੱਦਿਆ ਦਾ ਪਾ ਕੇ ਗਹਿਣਾ।
ਮੱਸਿਆ ਦੀ ਰਾਤ ਵੇਲੇ, ਜਗਦਾ ਹੈ ਜਿਉਂ ਟਟਹਿਣਾ।
ਆਈ ਹੈ ਜੇ ਖ਼ਿਜ਼ਾਂ ਤਾਂ, ਮਾਤਮ ਮਨਾਉਣਾ ਛੱਡੀਏ
ਮੁੜ ਕੇ ਬਹਾਰ ਆਉਣੀ, ਚਿੜੀਆਂ ਬਰੋਟੇ ਬਹਿਣਾ।
ਕੱਖਾਂ ਦੀ ਕੁੱਲੀ ਬਹਿ ਕੇ, ਦਾਤੇ ਦਾ ਸ਼ੁਕਰ ਕਰੀਏ
ਮਿਟ ਜਾਣਾ ਸਲਤਨਤ ਨੇ, ਤੇ ਬੁਰਜੀਆਂ ਨੇ ਢਹਿਣਾ।
ਸਾਦਾ ਜੇ ਹੋਵੇ ਰਹਿਣੀ, ਕਥਨੀ ਤੇ ਉੱਠਣੀ-ਬਹਿਣੀ
ਆਏ ਕਦੇ ਜਾਂ ਮੁਸ਼ਕਿਲ, ਅਸੀਂ ਜਾਣਦੇ ਹਾਂ ਖਹਿਣਾ।
ਨਾ ਚਿਤਵੀਏ ਬੁਰਾਈ, ਸਰਬੱਤ ਦੀ ਖ਼ੈਰ ਮੰਗੋ
ਦੱਸਿਆ ਗੁਰਾਂ ਨੇ ਸਾਨੂੰ : ਚੜ੍ਹਦੀ ਕਲਾ @ਚ ਰਹਿਣਾ।
ਕਰਜ਼ੇ ਦਾ ਖਹਿੜਾ ਛੱਡੋ, ਪੰਜੇ ਵਿਕਾਰ ਕੱਢੋ
ਇੱਕੋ ਤੇ ਟੇਕ ਰੱਖੀਏ, @ਇੱਕੋ@ ਦਾ ਮੰਨੀਏ ਕਹਿਣਾ।
ਵਿਰਸਾ ਮਹਾਨ ਸਾਡਾ, ਜੁੜ ਨਾਲ ਇਹਦੇ ਰਹੀਏ
ਨਾਨਕ ਦੇ ਅੰਗ ਲੱਗ ਕੇ, ਅੰਗਦ ਬਣੇ ਸੀ ਲਹਿਣਾ।
ਚੱਲਣਾ ਹੈ ਕੰਮ ਸਮੇਂ ਦਾ, ਚੱਲਦਾ ਹੈ ਇਹ ਨਿਰੰਤਰ
ਦਰਿਆ ਕਦੇ ਨਾ ਰੁਕਿਆ, ਹੈ ਕੰਮ ਇਹਦਾ ਵਹਿਣਾ।
ਸਾਜ਼ਿਸ਼ ਰਚੇ ਹਕੂਮਤ, ਜਾਂ ਤੋੜ ਦੇਵੇ ਕਸਮਾਂ
ਹੈ ਅਣਖ ਨਾਲ ਜੀਣਾ, ਜ਼ੁਲਮੋ-ਸਿਤਮ ਨਾ ਸਹਿਣਾ।
ਖੇਡੇ ਕੋਈ ਸਿਆਸਤ, ਕਰਦੈ ਕੋਈ ਸ਼ਰਾਰਤ
ਝੂਠੀ ਹੈ ਦੁਨੀਆਂ ਰੂਹੀ, ਸੱਚੇ ਦਾ ਤਖ਼ਤ ਡਹਿਣਾ।

***ਪ੍ਰੋ. ਨਵ ਸੰਗੀਤ ਸਿੰਘ**
**# ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ-151302 (ਬਠਿੰਡਾ) 9417692015.**

## "ਪੰਜਾਬ ਤੇ ਦਿੱਲੀ"

ਸੁਣ ਦਿੱਲੀਏ,ਇਕ ਗੱਲ ਸੁਣਾਵਾਂ,
ਇਤਿਹਾਸ ਵੱਲ ਝਾਤ ਮਰਵਾਵਾਂ ⬇
ਕਿੰਨੇ ਹੀ ਨਾਦਰ ਅਬਦਾਲੀ ਆਏ,
ਖੰਡੇ ਦੀ ਧਾਰ ਚੋਂ ਜੰਮੇ ਗਏ ਨਾ ਢਾਏ ⬇
ਲੈ ਕੇ ਥਾਪੜਾ ਗੋਬਿੰਦ ਦੀ ਜਦ ਤੁਰਦੇ,
ਚੁੰਮਦੇ ਨੇ ਮੌਤ ਪਿਛਾਂਹ ਨਾ ਮੁੜਦੇ ,
ਕਾਬਲ ਕੰਧਾਰ ਦੀ ਵਾਟ ਜੋ ਕਰ ਗਏ ਪਾਰ,
ਦਿੱਲੀਏ ਕੀ ਰੋਕੂ ਉਨ੍ਹਾਂ ਨੂੰ ਬੁਛਾੜਾਂ ਦੀ ਮਾਰ,
ਜਾ ਸੁਣ ਲੈ ਕੈਕਸਟਨ ਹਾਲ ਦੀਆਂ ਗੂੰਜਾਂ,
ਸੂਰਿਆਂ ਦੇ ਸੋਹਲੇ ਗਾਏ ਹਰ ਖੂੰਜਾ⬇
ਸਾਨੂੰ ਗੁੜ੍ਹਤੀ ਠੰਢੇ ਬੁਰਜ ਤੇ ਪੋਹ ਦੀਆਂ ਰਾਤਾਂ ਦੀ,
ਅੱਗ ਹਿੱਕ ਵਿੱਚ ਲੈ ਕੇ ਚੱਲੀਏ ਚੁਰਾਸੀ ਦੀਆਂ ਬਾਤਾਂ ਦੀ⬇
ਸਾਡੇ ਹੱਕਾਂ ਤੇ ਡਾਕੇ ਤੂੰ ਕਿਉਂ ਚੰਦਰੀਏ ਮਾਰੇ,
ਮਰ ਗਿਆ ਜੇ ਕਿਸਾਨ ਜੀਵੇਂਗੀ ਕਿਸ ਦੇ ਸਹਾਰੇ,
ਤੈਥੋਂ ਝੱਲ ਨੀ ਹੋਣਾ ਸਾਡੇ ਰੋਹ ਦਾ ਸੈਲਾਬ,
ਰਹਿ ਸੁਹਾਗਣ ਵੱਸਦੀ, ਦੁਆ ਕਰੇ ਪੰਜਾਬ।
ਸਾਡੇ ਹੱਕਾਂ ਤੇ ਡਾਕੇ ਤੂੰ ਕਿਉਂ ਚੰਦਰੀਏ ਮਾਰੇ,
ਮਰ ਗਿਆ ਜੇ ਕਿਸਾਨ ਜੀਵੇਂਗੀ ਕਿਸ ਸਹਾਰੇ,
ਤੈਥੋਂ ਝੱਲ ਨੀ ਹੋਣਾ ਸਾਡੇ ਰੋਹ ਦਾ ਸੈਲਾਬ,
ਤੂੰ ਰਹਿ ਸੁਹਾਗਣ ਵੱਸਦੀ ਦੁਆ ਕਰੇ ਪੰਜਾਬ।
ਚੜ੍ਹਿਆ ਸੋਹਣਾ ਰੂਪ ਹੋਈ ਫੇਰ ਮੁਟਿਆਰ,
ਕਰ ਲੈ ਤਿਆਰੀ ਸੋਹਣੀਏਂ ਲਾ ਕੇ ਹਾਰ ਸ਼ਿੰਗਾਰ
ਚੜ੍ਹ ਗਿਆ ਏ ਘੋੜੀ ਪੈਰ ਧਰ ਲਿਆ ਵਿੱਚ ਰਕਾਬ,
ਤੈਨੂੰ ਵਿਆਹੁਣ ਆ ਰਿਹਾ ਮੁੜ ਕੇ ਫੇਰ ਪੰਜਾਬ।

**ਮਨਦੀਪ ਪਾਲ ਕੌਰ**
**ਸ ਪ ਸ ਮੀਆਂਪੁਰ ਅਰਾਈਆ**

# Preetnama

Khara Sach

# ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 268

Website: www.preetnama.com Email preetnamausa@gmail.com

30 AUGUST TO 05 SEPTEMBER, 2024




Preetnama
Khara Sach
ਪ੍ਰੀਤਨਾਮਾ
ਖ਼ਰਾ ਸੱਚ
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 268
Website: www.preetnama.com Email preetnamausa@gmail.com
30 AUGUST TO 05 SEPTEMBER, 2024



# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 268

Website: www.preetnama.com Email preetnamausa@gmail.com

30 AUGUST TO 05 SEPTEMBER, 2024




# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 268

Website: www.preetnama.com Email preetnamausa@gmail.com

30 AUGUST TO 05 SEPTEMBER, 2024